Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
# ਖੇਤੀ ਦੁਨੀਆਂ
www.khetiduniyan.in
Postage Regd. No. PB/PTA/0338/2025-2027

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 08-11-2025 • Vol.43 No.45 • M. 90410-14575 • Page 16 | E-mail : khetiduniyan1983@gmail.com

# ਝੁਲਸ ਰੋਗ ਨੂੰ ਲਾ ਕੇ ਢਾਅ
# ਆਲੂਆਂ ਦੀ ਗੁਣਵੱਤਾ ਵਧਾ



**ਬਿਮਾਰੀ ਵਾਲੇ ਆਲੂਆਂ ਦੇ ਬੀਜ ਤੋਂ ਹੀ ਝੁਲਸ ਰੋਗ ਦੀ ਸ਼ੁਰੂਆਤ ਹੁੰਦੀ ਹੈ। ਰੋਗੀ ਆਲੂਆਂ ਉੱਪਰ ਬੇਢੰਗੇ ਭੂਰੇ ਰੰਗ ਦੇ ਦਾਗ ਇਸ ਬਿਮਾਰੀ ਦੇ ਲੱਛਣ ਹਨ। ਲਾਲ ਆਲੂਆਂ ਉੱਤੇ ਇਸ ਬਿਮਾਰੀ ਦੇ ਲੱਛਣ ਘੱਟ ਨਜ਼ਰ ਆਉਂਦੇ ਹਨ।**

ਅਨੁਕੂਲ ਮੌਸਮੀ ਹਾਲਾਤ (ਤਾਪਮਾਨ ਅਤੇ ਨਮੀ) ਪਿਛੇਤੇ ਝੁਲਸ ਰੋਗ ਨੂੰ ਵਧਾਉਣ ਵਿੱਚ ਬੜੀ ਹੀ ਅਹਿਮ ਭੂਮਿਕਾ ਅਦਾ ਕਰਦੇ ਹਨ। ਪੰਜਾਬ ਵਿੱਚ ਪਿਛੇਤੇ ਰੋਗ ਦਾ ਹਮਲਾ ਅੱਧ ਨਵੰਬਰ ਦੇ ਨੇੜੇ ਜਦੋਂ ਕਿ ਫ਼ਸਲ 40 ਤੋਂ 50 ਦਿਨਾਂ ਦੀ ਹੋਵੇ ਉਦੋਂ ਸ਼ੁਰੂ ਹੁੰਦਾ ਹੈ। ਸਤੰਬਰ ਵਿੱਚ ਲੱਗੀ ਹੋਈ ਕੱਚੀ ਪੁਟਾਈ ਵਾਲੀ ਅਗੇਤੀ ਆਲੂਆਂ ਦੀ ਫ਼ਸਲ ਤੇ ਇਸ ਰੋਗ ਦਾ ਹਮਲਾ ਘੱਟ ਹੁੰਦਾ ਹੈ ਕਿਉਂਕਿ ਉਸ ਸਮੇਂ ਮੌਸਮ ਗਰਮ ਰਹਿੰਦਾ ਹੈ। ਅਕਤੂਬਰ ਵਿੱਚ ਬੀਜੀ ਗਈ ਆਲੂ ਦੀ ਮੁੱਖ ਫ਼ਸਲ ਅਤੇ ਬਹਾਰ ਰੁੱਤ ਦੀ ਫ਼ਸਲ ਤੇ ਇਸ ਬਿਮਾਰੀ ਦਾ ਹਮਲਾ ਅਨੁਕੂਲ ਮੌਸਮੀ ਹਾਲਤਾਂ ਕਰਕੇ ਵਧੇਰੇ ਹੁੰਦਾ ਹੈ।

ਬਿਮਾਰੀ ਵਾਲੇ ਆਲੂਆਂ ਦੇ ਬੀਜ ਤੋਂ ਹੀ ਝੁਲਸ ਰੋਗ ਦੀ ਸ਼ੁਰੂਆਤ ਹੁੰਦੀ



ਹੈ। ਰੋਗੀ ਆਲੂਆਂ ਉੱਪਰ ਬੇਢੰਗੇ ਭੂਰੇ ਰੰਗ ਦੇ ਦਾਗ ਇਸ ਬਿਮਾਰੀ ਦੇ ਲੱਛਣ ਹਨ। ਲਾਲ ਆਲੂਆਂ ਉੱਤੇ ਇਸ ਬਿਮਾਰੀ ਦੇ ਲੱਛਣ ਘੱਟ ਨਜ਼ਰ ਆਉਂਦੇ ਹਨ।

## ਬਿਮਾਰੀ ਦੇ ਲੱਛਣ

ਠੰਡੇ ਗੋਦਾਮਾਂ ਵਿੱਚੋਂ ਕੱਢੇ ਗਏ ਰੋਗੀ ਆਲੂ ਇਸ ਬਿਮਾਰੀ ਦੇ ਮੁੱਢਲੇ ਕਾਰਨ ਬਣਦੇ ਹਨ। ਆਲੂਆਂ ਦੀ ਛਾਂਟੀ ਤੋਂ ਬਾਅਦ ਸੋਮਾ ਬਿਮਾਰੀ ਵਾਲੇ ਆਲੂ ਗੋਦਾਮਾਂ ਦੇ ਨੇੜੇ ਹੀ ਸੁੱਟ ਦਿੱਤੇ ਜਾਂਦੇ ਹਨ, ਜੋ ਕਿ ਬਿਮਾਰੀ ਫੈਲਾਉਣ ਦਾ ਮੁੱਖ ਕਾਰਨ ਬਣਦੇ ਹਨ। ਆਲੂਆਂ ਦੀ ਪੁਟਾਈ ਤੋਂ 2-3 ਹਫ਼ਤੇ ਪਹਿਲਾਂ, ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਦੀ ਪਤਰਾਲ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ। ਜਿਸ ਨਾਲ ਬੀਜ ਤੱਕ ਬਿਮਾਰੀ ਪਹੁੰਚਣ ਦਾ ਖਦਸ਼ਾ ਘੱਟ ਜਾਵੇ। ਪਤਰਾਲ ਕੱਟਣ ਦੇ 2-3 ਹਫ਼ਤੇ ਬਾਅਦ ਹੀ ਆਲੂਆਂ ਦੀ ਪੁਟਾਈ ਕਰਨੀ ਚਾਹੀਦੀ ਹੈ। ਪਿਛਲੇ ਦਸ ਸਾਲਾਂ ਵਿੱਚ ਪਿਛੇਤੇ ਝੁਲਸ ਰੋਗ ਦਾ ਹਮਲਾ ਮੁਕਾਬਲਤਨ ਘੱਟ ਵੇਖਿਆ ਗਿਆ ਹੈ। ਇਸਦਾ ਮੁੱਖ ਕਾਰਨ ਬਿਮਾਰੀ ਵਾਲੇ ਆਲੂਆਂ ਨੂੰ ਛਾਂਟੀ ਕਰਕੇ ਨਸ਼ਟ ਕਰਨਾ ਅਤੇ ਸਮੇਂ ਸਿਰ ਸਿਫ਼ਾਰਿਸ਼ ਕੀਤੇ ਗਏ ਉੱਲੀਨਾਸ਼ਕਾਂ ਦਾ ਛਿੜਕਾਅ ਕਰਕੇ ਬਿਮਾਰੀ ਨੂੰ ਫੈਲਣ ਤੋਂ ਰੋਕਣਾ ਹੈ।

## ਬਿਮਾਰੀ ਦੀ ਰੋਕਥਾਮ

ਪਿਛੇਤਾ ਝੁਲਸ ਰੋਗ ਬੜੀ ਤੇਜ਼ੀ ਨਾਲ ਖੇਤਾਂ ਵਿੱਚ ਫੈਲਦਾ ਹੈ, ਇਸ ਕਰਕੇ ਸਹੀ ਸਮੇਂ ਸਿਰ ਉੱਲੀਨਾਸ਼ਕਾਂ ਦਾ ਛਿੜਕਾਅ ਝੁਲਸ ਰੋਗ ਦੀ ਰੋਕਥਾਮ ਲਈ ਬਹੁਤ ਕਾਰਗਰ ਸਾਬਿਤ ਹੁੰਦਾ ਹੈ। ਜਿਵੇਂ ਹੀ ਇਸ ਰੋਗ ਦੇ ਲੱਛਣ ਖੇਤ ਵਿੱਚ ਨਜ਼ਰ ਆਉਣ ਤਾਂ ਸਿਫ਼ਾਰਿਸ਼ ਕੀਤੇ ਗਏ ਉੱਲੀਨਾਸ਼ਕਾਂ ਦਾ ਛਿੜਕਾਅ ਕਰਨਾ ਚਾਹੀਦਾ ਹੈ।

★ ਇਸ ਬਿਮਾਰੀ ਦੇ ਹਮਲੇ ਦੀ ਸਫ਼ਲਤਾਪੂਰਵਕ ਰੋਕਥਾਮ ਉੱਲੀਨਾਸ਼ਕ ਦੇ ਪ੍ਰਭਾਵ ਅਤੇ ਪੱਤਿਆਂ ਉੱਪਰ ਚੰਗੀ ਤਰ੍ਹਾਂ ਸਪਰੇਅ ਤੇ ਨਿਰਭਰ ਕਰਦਾ ਹੈ। ਛਿੜਕਾਅ ਲਈ ਸਹੀ ਨੋਜ਼ਲ (ਕੋਨ) ਅਤੇ ਪੂਰੇ ਪਾਣੀ ਦਾ ਇਸਤੇਮਾਲ ਕਰ ਲੈਣਾ ਚਾਹੀਦਾ ਹੈ।

★ ਫ਼ਸਲ ਤੇ ਐਂਟਰਾਕੋਲ / ਕਵਚ / ਇੰਡੋਫਿਲ ਐਮ-45 / ਮਾਸਐਮ-45 / ਮਾਰਕਜ਼ੈਬ 500-700 ਗ੍ਰਾਮ ਜਾਂ ਮਾਰਕਕਾਪਰ / ਕਾਪਰ-ਆਕਸੀਕਲੋਰਾਈਡ 50 ਡਬਲਯੂ ਪੀ 750 ਤੋਂ 1000 ਗ੍ਰਾਮ ਪ੍ਰਤੀ ਏਕੜ ਛਿੜਕਾਅ 250-350 ਲਿਟਰ ਪਾਣੀ ਵਿੱਚ ਘੋਲ ਕੇ ਬਿਮਾਰੀ ਆਉਣ ਤੋਂ ਪਹਿਲਾਂ ਕਰੋ। ਸੱਤ-ਸੱਤ ਦਿਨ ਦੀ ਵਿੱਥ ਤੇ ਇਸ ਛਿੜਕਾਅ ਨੂੰ ਪੰਜ ਵਾਰ ਦੁਹਰਾਓ।

★ ਭਾਰੀ ਬਰਸਾਤਾਂ, ਧੁੰਦਾਂ ਅਤੇ ਬੱਦਲਵਾਈ ਵਾਲੇ ਮੌਸਮਾਂ ਦੌਰਾਨ ਕਵਚ / ਐਂਟਰਾਕੋਲ / ਇਡੋਫਿਲ ਐਮ-45 ਦੀ ਥਾਂ 3-4 ਛਿੜਕਾਅ ਇਨਫਿਨਟੋ 600 ਮਿ. ਲਿ. ਜਾਂ ਰੀਵਸ 250 ਐਸ ਸੀ 250 ਮਿ.ਲਿ. ਜਾਂ ਈਕੁਏਸ਼ਣ ਪ੍ਰੋ 200 ਮਿ.ਲਿ. ਜਾਂ ਰਿਡੋਮਿਲ ਗੋਲਡ ਜਾਂ ਮਿਲੋਡੀ ਡਿਊ ਜਾਂ ਸੈਕਟਿਨ 60 ਡਬਲਯੂ ਜੀ 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ 10 ਦਿਨ ਦੇ ਵਕਫੇ ਤੇ ਕਰੋ ਅਤੇ ਉਸ ਪਿੱਛੋਂ ਇੱਕ ਛਿੜਕਾਅ ਲਈ ਕਵਚ / ਐਂਟਰਾਕੋਲ / ਇਡੋਫਿਲ ਐਮ-45 ਹੀ ਵਰਤੋਂ।

★ ਜੇਕਰ ਪਹਿਲਾਂ ਫ਼ਸਲ ਤੇ ਬਿਮਾਰੀ ਆਈ ਹੋਵੇ ਤਾਂ ਪਿਛੇਤੀ ਜਾਂ ਬਹਾਰ ਰੁੱਤ ਦੀ ਫ਼ਸਲ ਤੇ ਬਿਮਾਰੀ ਆਉਣ ਦਾ ਖਤਰਾ ਵਧੇਰੇ ਹੁੰਦਾ ਹੈ ਇਸ ਲਈ ਫ਼ਸਲ ਤੇ ਪਹਿਲਾਂ ਇਨਫਿਨਟੋ 600 ਮਿ. ਲਿ. ਜਾਂ ਰੀਵਸ 250 ਐਸ ਸੀ 250 ਮਿ.ਲਿ. ਜਾਂ ਈਕੁਏਸ਼ਣ ਪ੍ਰੋ 200 ਮਿ.ਲਿ. ਜਾਂ ਰਿਡੋਮਿਲ ਗੋਲਡ ਜਾਂ ਮਿਲੋਡੀ ਡਿਊ ਜਾਂ ਸੈਕਟਿਨ 60 ਡਬਲਯੂ ਜੀ 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਇਸ ਤੋਂ ਬਾਅਦ ਤਿੰਨ ਛਿੜਕਾਅ ਕਵਚ/ਐਂਟਰਾਕੋਲ/ਇਡੋਫਿਲ ਐਮ-45 ਦਾ ਛਿੜਕਾਅ 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 7 ਦਿਨਾਂ ਦੇ ਵਕਫੇ ਤੇ ਕਰੋ।

★ ਉੱਲੀਨਾਸ਼ਕਾਂ ਦੀ ਕਦੇ ਵੀ ਸਿਫ਼ਾਰਿਸ਼ ਨਾਲੋਂ ਘੱਟ ਜਾਂ ਵੱਧ ਮਿਕਦਾਰ ਨਹੀਂ ਵਰਤਣੀ ਚਾਹੀਦੀ। ਆਪਣੇ-ਆਪ ਬਣਾਏ ਗਏ ਟੈਂਕ ਮਿਕਚਰ ਜਿਵੇਂ ਕਿ ਮੈਟਾਮਿਕਸਿਲ ਅਤੇ ਮੈਂਕੋਜ਼ੇਬ ਨਹੀਂ ਵਰਤਣੇ ਚਾਹੀਦੇ। ਕਿਉਂਕਿ ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਉੱਲੀਨਾਸ਼ਕਾਂ ਦੀ ਮਿਕਦਾਰ ਘੱਟ ਜਾਂ ਵੱਧ ਹੋ ਸਕਦੀ ਹੈ ਜਿਸ ਕਰਕੇ ਪਿਛੇਤੇ ਝੁਲਸ ਰੋਗ ਦੀ ਉੱਲੀ ਵਿੱਚ ਰੋਗ ਪ੍ਰਤੀਰੋਧਤਾ ਦੀ ਤਾਕਤ ਪੈਦਾ ਹੋ ਸਕਦੀ ਹੈ।

**ਸੰਦੀਪ ਜੈਨ ਅਤੇ ਜਯੋਤੀ ਜੈਨ, ਪੌਦਾ ਰੋਗ ਵਿਭਾਗ** (ਮੋ. 98723-22880)

BEW
KSA
ਕਿਸਾਨ ਖ਼ੁਸ਼ਹਾਲ
ਤਾਂ ਦੇਸ਼ ਖ਼ੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਉਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ
TOLL FREE NUMBER
1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS FARM CORPORATION PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

ਅੰਦਰ ਪੜ੍ਹੋ



ਕਣਕ ਦੀ ਜੈਵਿਕ ਕਾਸ਼ਤ ਲਈ ਵਿਗਿਆਨਕ ਤਰੀਕੇ

ਸਧਾਰਨ ਨਾਲੋਂ ਵੱਧ ਤਾਪਮਾਨ ਦਾ ਕਣਕ ਦੇ ਝਾੜ ਨਾਲ ਸੰਬੰਧ





ਕਿਸਾਨਾਂ ਨੂੰ ਝੋਨੇ ਦਾ ਬਦਲ ਦਿੱਤਾ ਜਾਵੇ

ਚੁਗਾਈ ਉਪਰੰਤ ਨਰਮੇ ਦੀ ਗੁਲਾਬੀ ਸੁੰਡੀ ਨੂੰ ਠੱਲ ਪਾਉਣ ਲਈ ਕੀ ਕਰੀਏ?



## ਖੇਤੀ ਨੂੰ ਲਾਭਕਾਰੀ ਬਣਾਉਣ ਲਈ

# ਜੈਵਿਕ ਖਾਦਾਂ ਦੀ ਵਰਤੋਂ ਕੀਤੀ ਜਾਵੇ





ਡਾ. ਸ. ਸ. ਛੀਨਾ

ਕਿਸਾਨੀ ਪ੍ਰੇਸ਼ਾਨੀਆਂ ਵੱਧਣ ਦਾ ਵੱਡਾ ਕਾਰਨ ਦਿਨੋਂ-ਦਿਨ ਕਿਸਾਨੀ ਕਰਜ਼ੇ ਵਧਣਾ, ਹੜਤਾਲਾਂ, ਮੁਜ਼ਾਹਰੇ ਤੇ ਆਮਦਨ ਤੇ ਖਰਚ ਵਿੱਚ ਵੱਧਦਾ ਪਾੜਾ ਹੈ। ਖੇਤੀ ਖੋਜ ਵਿੱਚ ਵੱਡੀ ਵਜ੍ਹਾ ਸਾਹਮਣੇ ਆਈ ਹੈ ਕਿ ਕਿਸਾਨ ਦੇ ਹਿੱਸੇ ਦੀ ਵਾਹੀਯੋਗ ਜ਼ਮੀਨ ਭਾਵ ਖੇਤੀ/ਜੋਤਾਂ ਦੇ ਆਕਾਰ ਛੋਟੇ ਹੁੰਦੇ ਜਾ ਰਹੇ ਹਨ ਤੇ ਰਸਾਇਣਾਂ/ਖਾਦਾਂ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ। ਪ੍ਰਸਿੱਧ ਅਰਥ ਸ਼ਾਸਤਰੀ ਡਾਕਟਰ ਜੀ. ਐੱਸ. ਭੱਲਾ ਨੇ 2007 ਵਿੱਚ ਖੋਜ ਕਰਕੇ ਇੱਕ ਪੁਸਤਕ 'ਭਾਰਤ ਦੀ ਖੇਤੀ ਸੁਤੰਤਰਤਾ ਤੋਂ ਬਾਅਦ' ਲਿਖੀ ਸੀ, ਜਿਸ ਵਿੱਚ ਉਨ੍ਹਾਂ ਸਿੱਟਾ ਕੱਢਿਆ ਸੀ ਕਿ ਜਿਹੜੀ ਜੋਤ 15 ਏਕੜ ਤੋਂ ਘੱਟ ਹੈ ਉਹ ਰਿਵਾਇਤੀ ਜੋਤ ਨਹੀਂ ਅਤੇ ਕਿਸਾਨ ਉਸ ਜੋਤ ਦੀ ਆਮਦਨ ਨਾਲ ਆਪਣੇ ਘਰ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦਾ, ਪਰ ਦੇਸ਼ ਭਰ ਦੀਆਂ 95 ਫ਼ੀਸਦੀ ਜੋਤਾਂ 15 ਏਕੜ ਤੋਂ ਘੱਟ ਹਨ। 1960 ਤੋਂ ਬਾਅਦ ਲਗਾਤਾਰ ਸੰਘਣੀ ਖੇਤੀ ਰਸਾਇਣਾਂ ਦੀ ਵਰਤੋਂ 'ਤੇ ਨਿਰਭਰ ਹੈ, ਖੇਤੀ 'ਤੇ ਘੱਟ ਪ੍ਰਾਪਤੀਆਂ ਦਾ ਨਿਯਮ ਲਾਗੂ ਹੁੰਦਾ ਹੈ, ਮਤਲਬ ਰਸਾਇਣਕ ਖਾਦ ਦੀ ਪਹਿਲੀ ਬੋਰੀ ਨਾਲ ਜਿੰਨੀ ਉਪਜ ਵੱਧਦੀ ਹੈ ਦੂਸਰੀ ਨਾਲ ਉਨੀ ਨਹੀਂ ਵੱਧਦੀ ਹੈ। ਮੰਨ ਲਓ ਇੱਕ ਖੇਤ ਵਿੱਚ 6 ਬੋਰੀਆਂ ਖਾਦ ਪਾਈ ਗਈ ਤਾਂ ਅਗਲੇ ਸਾਲ 7 ਅਤੇ ਫਿਰ 8 ਅਤੇ ਹੋਰ ਵੱਧਦੀ ਜਾਵੇਗੀ, ਪਰ ਧਰਤੀ ਦੀ ਉਪਜਾਊ ਸ਼ਕਤੀ ਹੋਰ ਵੱਧਣ ਦੀ ਬਜਾਏ ਘੱਟਦੀ ਜਾਂਦੀ ਹੈ। ਮੈਨੂੰ 2009-10 ਵਿੱਚ ਇੰਡੀਅਨ ਕੌਂਸਿਲ ਆਫ਼ ਸੋਸ਼ਲ ਸਾਇੰਸ ਰਿਸਰਚ ਸੈਂਟਰ ਨਵੀਂ ਦਿੱਲੀ ਵਲੋਂ 'ਜੈਵਿਕ ਖੇਤੀ ਤੇ ਰਸਾਇਣਕ ਖੇਤੀ ਦੀ ਆਰਥਿਕਤਾ ਦਾ ਮੁਲਾਂਕਣ' ਵਿਸ਼ੇ ਬਾਰੇ ਇੱਕ ਪ੍ਰੋਜੈਕਟ ਦਿੱਤਾ ਗਿਆ ਸੀ, ਜਿਸ ਦੀ ਖੋਜ ਲਈ ਮੈਂ ਦੋ ਫ਼ਾਰਮ ਇੱਕ ਪਿੰਗਲਵਾੜਾ ਸੰਸਥਾ ਅੰਮ੍ਰਿਤਸਰ ਵੱਲੋਂ ਚਲਾਇਆ ਜਾਂਦਾ ਧੀਰੇਕੋਟ ਪਿੰਡ ਦਾ ਫਾਰਮ ਅਤੇ ਇੱਕ ਭੋਰਪੁਰ ਦੇ ਨਜ਼ਦੀਕ ਪਿੰਡ ਦੇ ਫ਼ਾਰਮ ਨੂੰ ਲਿਆ। ਇਹ ਦੋਵੇਂ ਫਾਰਮ ਰਸਾਇਣ ਫਾਰਮਾਂ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਉਪਜ ਲੈ ਰਹੇ ਸਨ, ਜਦਕਿ ਇਨ੍ਹਾਂ ਦਾ ਰਸਾਇਣਕ ਖਾਦਾਂ 'ਤੇ ਕੋਈ ਖਰਚ ਨਹੀਂ ਸੀ। ਭੋਰਪੁਰ ਵਾਲੇ ਫਾਰਮ ਦੀ ਵਿਲੱਖਣ ਗੱਲ ਇਹ ਸੀ ਕਿ ਉਹ ਆਲੂਆਂ ਦੀ 150 ਕੁਇੰਟਲ ਪ੍ਰਤੀ ਏਕੜ ਉਪਜ ਦਿੰਦਾ ਸੀ, ਜਦਕਿ ਰਸਾਇਣਕ ਫਾਰਮਾਂ ਵਿੱਚ ਉਪਜ 100 ਕੁ ਕੁਇੰਟਲ ਪ੍ਰਤੀ ਏਕੜ ਹੀ ਹੁੰਦੀ ਹੈ। ਇਸੇ ਤਰ੍ਹਾਂ ਉਹ ਗੰਨੇ ਦੀ 450 ਕੁਇੰਟਲ ਪ੍ਰਤੀ ਏਕੜ ਉਪਜ ਸੀ, ਜਦੋਂ ਕਿ ਰਸਾਇਣਕ ਫਾਰਮਾਂ ਦੀ ਉਸ ਸਮੇਂ 300 ਕੁ ਕੁਇੰਟਲ ਪ੍ਰਤੀ ਏਕੜ ਉਪਜ ਹੁੰਦੀ ਸੀ। ਇਸ ਫ਼ਾਰਮ ਵਾਲੇ ਖੇਤਾਂ ਵਿੱਚ ਮੁਰਗੀਆਂ ਦੀਆਂ ਵਿੱਠਾਂ ਦੀ ਖਾਦ ਪਾਉਂਦੇ ਸਨ, ਇਸ ਗੱਲ ਨੇ ਮੈਨੂੰ ਬਹੁਤ ਉਤਸ਼ਾਹਿਤ ਕੀਤਾ ਤਾਂ ਮੈਂ ਇਹ ਗੱਲ ਦੱਸਣ ਲਈ ਉਚੇਚਾ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਦੇ ਡਾਇਰੈਕਟਰ ਐਕਸਟੈਂਸ਼ਨ ਨੂੰ ਮਿਲਿਆ। ਪਰ ਉਸ ਦਾ ਕਹਿਣਾ ਸੀ ਕਿ ਮੁਰਗੀਆਂ ਦੀ ਖਾਦ ਵਾਲੀ ਉਪਜ ਜੈਵਿਕ ਨਹੀਂ ਰਹਿ ਜਾਂਦੀ, ਕਿਉਂਕਿ ਉਨ੍ਹਾਂ ਨੂੰ ਟੀਕੇ ਲੱਗਦੇ ਹਨ ਪਰ, ਅਜਿਹੇ ਟੀਕੇ ਤਾਂ ਮੱਝਾਂ, ਗਊਆਂ ਨੂੰ ਵੀ ਲੱਗਦੇ ਹਨ।

> **1960 ਤੋਂ ਬਾਅਦ ਲਗਾਤਾਰ ਸੰਘਣੀ ਖੇਤੀ ਰਸਾਇਣਾਂ ਦੀ ਵਰਤੋਂ 'ਤੇ ਨਿਰਭਰ ਹੈ, ਖੇਤੀ 'ਤੇ ਘੱਟ ਪ੍ਰਾਪਤੀਆਂ ਦਾ ਨਿਯਮ ਲਾਗੂ ਹੁੰਦਾ ਹੈ, ਮਤਲਬ ਰਸਾਇਣਕ ਖਾਦ ਦੀ ਪਹਿਲੀ ਬੋਰੀ ਨਾਲ ਜਿੰਨੀ ਉਪਜ ਵੱਧਦੀ ਹੈ ਦੂਸਰੀ ਨਾਲ ਉਨੀ ਨਹੀਂ ਵੱਧਦੀ ਹੈ। ਮੰਨ ਲਓ ਇੱਕ ਖੇਤ ਵਿੱਚ 6 ਬੋਰੀਆਂ ਖਾਦ ਪਾਈ ਗਈ ਤਾਂ ਅਗਲੇ ਸਾਲ 7 ਅਤੇ ਫਿਰ 8 ਅਤੇ ਹੋਰ ਵੱਧਦੀ ਜਾਵੇਗੀ, ਪਰ ਧਰਤੀ ਦੀ ਉਪਜਾਊ ਸ਼ਕਤੀ ਹੋਰ ਵੱਧਣ ਦੀ ਬਜਾਏ ਘੱਟਦੀ ਜਾਂਦੀ ਹੈ।**

ਪਰ ਇਸ ਸੰਬੰਧੀ ਕੋਈ ਖੋਜ ਸਾਹਮਣੇ ਨਹੀਂ ਆਈ ਕਿ ਜਿਸ ਵਿੱਚ ਇਹ ਸਾਬਤ ਹੁੰਦਾ ਹੋਵੇ ਕਿ ਮੁਰਗੀਆਂ ਦੀ ਖਾਦ 4-5 ਮਹੀਨੇ ਬਾਅਦ ਵਰਤਣ 'ਤੇਉਨ੍ਹਾਂ ਵਿੱਚ ਟਿਕਿਆਂ ਦੀ ਰਸਾਇਣ ਰਹਿ ਜਾਂਦੀ ਹੋਵੇ ਅਤੇ ਨਾ ਹੀ ਮੱਝਾਂ, ਗਊਆਂ ਦੇ ਗੋਹੇ ਦੀ ਖਾਦ ਬਾਰੇ ਅਜਿਹੀ ਕੋਈ ਖੋਜ ਆਮ ਲੋਕਾਂ ਦੇ ਸਾਹਮਣੇ ਆਈ ਹੈ। ਜੇ ਰਹਿ ਵੀ ਜਾਂਦੀ ਹੋਵੇਗੀ ਤਾਂ ਉਹ ਖਾਦ ਦੇ ਬਰਾਬਰ ਘਾਤਕ ਨਹੀਂ ਹੋਵੇਗੀ। ਜੈਵਿਕ ਖੇਤੀ ਸੰਬੰਧੀ ਹੋਰ ਸ਼ੰਕਾਵਾਂ ਨੂੰ ਦੂਰ ਕਰਨ ਲਈ ਖੇਤੀ ਖੋਜ ਕੇਂਦਰਾਂ ਤੇ ਯੂਨੀਵਰਸਿਟੀਆਂ ਨੂੰ ਖੋਜ ਕਰਨੀ ਚਾਹੀਦੀ ਹੈ। ਇਹ ਖੋਜ ਵੀ ਹੋਣੀ ਚਾਹੀਦੀ ਹੈ ਕਿ ਜੈਵਿਕ ਵਸਤੂਆਂ ਨਾਲ ਤਿਆਰ ਅਜਿਹੀ ਖਾਦ ਬਣਾਈ ਜਾਵੇ, ਜੋ ਰਸਾਇਣਕ ਖਾਦ ਤੋਂ ਜ਼ਿਆਦਾ ਉਪਜ ਦੇਣ ਯੋਗ ਹੋਵੇ। ਭਾਵੇਂ ਜੈਵਿਕ ਖਾਦਾਂ ਤਾਂ ਮਿਲਦੀਆਂ ਹਨ ਪਰ ਉਨ੍ਹਾਂ ਬਾਰੇ ਪ੍ਰਚਾਰ ਨਹੀਂ ਹੋ ਰਿਹਾ, ਜਿਸ ਦੀ ਬਹੁਤ ਲੋੜ ਹੈ, ਕਿਉਂਕਿ ਖੇਤੀ ਨੂੰ ਉਨ੍ਹਾਂ ਰਸਾਇਣ ਤੋਂ ਮੁਕਤ ਕਰਵਾਉਣ ਦੀ ਲੋੜ ਹੈ ਜੋ ਭੂਮੀ ਦੀ ਸ਼ਕਤੀ ਨੂੰ ਘਟਾ ਰਹੇ ਹਨ। ਬਹੁਤੇ ਰਸਾਇਣ ਪੰਜਾਬ ਤੇ ਹਰਿਆਣਾ ਜਿਹੇ ਪਾਣੀ ਦੀ ਬਹੁਤਾਤ ਵਾਲੇ ਸੂਬਿਆਂ ਵਿੱਚ ਵਰਤੇ ਜਾਂਦੇ ਹਨ, ਜਿੱਥੇ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ ਅਤੇ ਕਈ ਥਾਵਾਂ 'ਤੇ ਤਾਂ ਪਾਣੀ ਪੀਣ ਯੋਗ ਵੀ ਨਹੀਂ ਰਿਹਾ। ਪਾਣੀ ਸੰਬੰਧੀ ਵਿਗਿਆਨੀਆਂ ਦਾ ਕਹਿਣਾ ਹੈ ਕਿ ਪਾਣੀ ਦੀ ਸਤ੍ਹਾ ਦੀਆਂ ਤਿੰਨ ਪੱਧਰਾਂ ਹਨ, ਇੱਕ ਉਹ ਪੱਧਰ ਸੀ ਜਦੋਂ ਪੰਜਾਬ ਵਿੱਚ ਪਾਣੀ 8-10 ਫੁੱਟ ਡੂੰਘਾਈ 'ਤੇ ਮਿਲ ਜਾਂਦਾ ਸੀ। ਹੁਣ ਜਦੋਂ ਇਹ ਪਹਿਲੀ ਪੱਧਰ ਖ਼ਤਮ ਹੋ ਗਈ ਤਾਂ ਦੂਸਰੀ ਪੱਧਰ ਤੋਂ ਪਾਣੀ ਕੱਢਣ ਲਈ ਜ਼ਮੀਨ ਵਿੱਚ ਡੂੰਘੇ ਬੋਰ ਕਰਨੇ ਪਏ ਅਤੇ ਬਿਜਲੀ ਨਾਲ ਚੱਲਣ ਵਾਲੀਆਂ ਮੋਟਰਾਂ ਨਾਲ ਪਾਣੀ ਕੱਢਦੇ ਜਾਣ ਨਾਲ ਪਾਣੀ ਦੀ ਦੂਸਰੀ ਪੱਧਰ ਵੀ ਖ਼ਤਮ ਹੋ ਗਈ ਹੈ। ਹੁਣ ਪੰਜਾਬ ਤੇ ਹਰਿਆਣਾ ਵਿੱਚ ਪਾਣੀ ਦੀ ਤੀਸਰੀ ਪੱਧਰ ਤੋਂ ਡੂੰਘੇ ਸਬਮਰਸੀਬਲ ਪੰਪਾਂ ਨਾਲ ਪਾਣੀ ਕੱਢਿਆ ਜਾ ਰਿਹਾ ਹੈ, ਪਰ ਜਦੋਂ ਇਸ ਪੱਧਰ ਤੋਂ ਵੀ ਪਾਣੀ ਖ਼ਤਮ ਹੋ ਗਿਆ ਤਾਂ ਫਿਰ ਕੀ ਬਣੇਗਾ ? ਇਹ ਸੋਚ ਕੇ ਵੀ ਡਰ ਲੱਗਦਾ ਹੈ।

ਜੈਵਿਕ ਖੋਜ ਨਾਲ ਜੁੜਿਆ ਇੱਕ ਹੋਰ ਵਿਸ਼ਾ- ਦਾਲਾਂ ਤੇ ਤੇਲ ਬੀਜਾਂ ਦੀ ਖੇਤੀ ਬਾਰੇ ਹੈ, ਜਿਸ ਲਈ ਭਾਰਤ ਵਿਦੇਸ਼ਾਂ 'ਤੇ ਨਿਰਭਰ ਹੈ ਤੇ ਹਰ ਸਾਲ ਲੱਖਾਂ ਕਰੋੜਾਂ ਰੁਪਏ ਦੀ ਦਰਾਮਦ ਕਰਦਾ ਹੈ। ਦਾਲਾਂ ਤੇ ਤੇਲ ਬੀਜ ਦੋਹਾਂ ਵਿੱਚ ਰਸਾਇਣ ਵੀ ਘੱਟ ਵਰਤੇ ਜਾਂਦੇ ਹਨ ਤੇ ਪਾਣੀ ਦੀ ਲੋੜ ਵੀ ਘੱਟ ਪੈਂਦੀ ਹੈ। ਪਰ ਫ਼ਸਲੀ ਚੱਕਰ ਬਹੁਤ ਸੀਮਤ ਹੋ ਗਿਆ ਹੈ, ਜਿਵੇਂ ਪੰਜਾਬ ਤੇ ਹਰਿਆਣਾ ਸਿਰਫ਼ ਕਣਕ ਝੋਨੇ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ, ਜਦਕਿ ਇੱਥੇ ਹਰ ਤਰ੍ਹਾਂ ਦੀਆਂ ਫ਼ਸਲਾਂ ਦੀ ਉਪਜ ਬੜੀ ਆਸਾਨੀ ਨਾਲ ਹੋ ਸਕਦੀ ਹੈ। ਇਸੇ ਤਰ੍ਹਾਂ ਹੀ ਭਾਰਤ ਦੇ ਹੋਰ ਪ੍ਰਾਂਤਾਂ ਵਿੱਚ ਵੀ ਇਹ ਫ਼ਸਲਾਂ ਪਤਾ ਨਹੀਂ, ਕਿਉਂ ਨਹੀਂ ਬੀਜੀਆਂ ਜਾਂਦੀਆਂ। ਸ਼ਾਇਦ ਇੱਕ ਹੀ ਵੱਡਾ ਕਾਰਨ ਇਨ੍ਹਾਂ ਦੇ ਮੰਡੀਕਰਨ ਦੀ ਬੇਯਕੀਨੀ ਹੈ, ਇਸ ਬੇਯਕੀਨੀ ਨੂੰ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਦੂਰ ਕਰਨਾ ਚਾਹੀਦਾ ਹੈ, ਤਾਂ ਜੋ ਖੇਤੀ ਪ੍ਰਧਾਨ ਦੇਸ਼ ਆਤਮ-ਨਿਰਭਰ ਹੋ ਸਕੇ। ਦਾਲਾਂ ਤੇ ਤੇਲ ਬੀਜਾਂ ਦੀ ਖੇਤੀ ਲਈ ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ ਵੀ ਨਹੀਂ ਹੁੰਦੀ। ਇਹ ਵਿਸ਼ਾ ਵੀ ਖੋਜ ਦੀ ਮੰਗ ਕਰਦਾ ਹੈ ਕਿ ਉਹ ਹੋਰ ਕਿਹੜੀਆਂ ਫ਼ਸਲਾਂ ਹਨ, ਜਿਨ੍ਹਾਂ ਲਈ ਸੀਮਤ ਰਸਾਇਣ ਵਰਤ ਕੇ ਜਾਂ ਉਨ੍ਹਾਂ ਦੇ ਬਦਲ ਵਜੋਂ ਜੈਵਿਕ ਖਾਦ ਦੀ ਵਰਤੋਂ ਨਾਲ ਉਨੀ ਹੀ ਫ਼ਸਲ ਦੀ ਉਪਜ ਲਈ ਜਾ ਸਕਦੀ ਹੋਵੇ। ਖੋਜ ਦਾ ਮੁੱਖ ਕੇਂਦਰ ਰਸਾਇਣਕ ਖਾਦਾਂ ਦੇ ਬਰਾਬਰ ਜੈਵਿਕ ਖਾਦਾਂ ਬਣਾਉਣੀਆਂ ਤੇ ਜਿਹੜੀਆਂ ਫ਼ਸਲਾਂ ਬੀਜੀਆਂ ਨਹੀਂ ਜਾਂਦੀਆਂ ਉਨ੍ਹਾਂ ਲਈ ਪਹਿਲ ਕਰਨਾ ਹੈ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ 2017 ਵਿੱਚ ਫ਼ਸਲਾਂ ਦੀਆਂ ਘੱਟੋ-ਘੱਟ ਕੀਮਤਾਂ ਤੇ ਖ਼ਰੀਦ ਬਾਰੇ ਇੱਕ ਖੋਜ ਗੋਸ਼ਟੀ ਹੋਈ ਸੀ, ਜਿਸ ਵਿੱਚ ਮੇਰੇ ਸਮੇਤ ਜ਼ਿਆਦਾਤਰ ਬੋਲਣ ਵਾਲਿਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਹਰ ਪ੍ਰਾਂਤ ਦੀਆਂ ਪ੍ਰਮੁੱਖ ਫ਼ਸਲਾਂ ਦੀ ਖ਼ਰੀਦ ਵਿੱਚ ਕੇਂਦਰ ਸਰਕਾਰ ਦੇ ਨਾਲ ਪ੍ਰਾਂਤਾਂ ਦੀਆਂ ਸਰਕਾਰਾਂ ਨੂੰ ਵੀ ਸ਼ਾਮਿਲ ਹੋਣਾ ਚਾਹੀਦਾ ਹੈ। ਕੁਝ ਦਿਨ ਬਾਅਦ ਅਖ਼ਬਾਰਾਂ ਵਿੱਚ ਫ਼ਸਲਾਂ ਦੇ ਯਕੀਨੀ ਮੰਡੀਕਰਨ ਤੇ ਸਰਕਾਰੀ ਖ਼ਰੀਦ 'ਤੇ ਇੱਕ ਬਹੁਤ ਵਧੀਆ ਲੇਖ ਛਪਿਆ ਸੀ, ਜਿਸ ਵਿੱਚ ਉਸ ਸਰਕਾਰੀ ਖਰੀਦ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਸੀ।



ਖੇਤੀ ਅਧਾਰਿਤ ਸਨਅਤਾਂ ਵਿੱਚ ਪੰਜਾਬ ਸਮੇਤ ਪੂਰਾ ਭਾਰਤ ਅਜੇ ਬਹੁਤ ਪਿੱਛੇ ਹੈ, ਪੰਜਾਬ ਨੂੰ ਦੇਸ਼ ਦਾ ਖੇਤੀ ਵਾਲਾ ਪ੍ਰਮੁੱਖ ਪ੍ਰਾਂਤ ਹੋਣ ਕਰਕੇ ਵੱਧ ਤੋਂ ਵੱਧ ਖੇਤੀ ਅਧਾਰਿਤ ਉਦਯੋਗਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਾਡੇ ਸਿਰਫ਼ 12 ਫ਼ੀਸਦੀ ਖੇਤੀ ਵਸਤੂਆਂ ਨੂੰ ਤਿਆਰ ਕਰਕੇ ਵੇਚਿਆ ਜਾਂਦਾ ਹੈ। ਖੇਤੀ 'ਤੇ ਅਧਾਰਿਤ ਇਨ੍ਹਾਂ ਸਭ ਇਕਾਈਆਂ ਨੂੰ ਕੱਚੇ ਮਾਲ-ਫ਼ਲ, ਸਬਜ਼ੀਆਂ, ਤੇਲ ਬੀਜਾਂ ਤੇ ਦਾਲਾਂ ਆਦਿ ਦੀ ਸਪਲਾਈ ਲਈ ਸਰਕਾਰ ਦੀ ਬਜਾਏ ਸਿੱਧੇ ਕਿਸਾਨਾਂ ਨਾਲ ਠੇਕੇ ਕਰਨੇ ਚਾਹੀਦੇ ਹਨ। ਪਰ ਫ਼ਸਲ ਦੀ ਕੀਮਤ ਘੱਟਣ 'ਤੇ ਉਕਤ ਇਕਾਈ ਆਪਣੇ ਠੇਕੇ ਵਾਲੇ ਕਿਸਾਨਾਂ ਦੀ ਬਜਾਏ ਖੇਤੀ ਉਤਪਾਦ ਕਿਸੇ ਹੋਰ ਤੋਂ ਨਾ ਖਰੀਦੇ ਅਤੇ ਕੀਮਤ ਵੱਧਣ ਤੇ ਕਿਸਾਨ ਉਸ ਸਨਅਤੀ ਇਕਾਈ ਨੂੰ ਉਤਪਾਦ ਦੇਣ ਦੀ ਬਜਾਏ ਕਿਸੇ ਹੋਰ ਕੋਲ ਨਾ ਵੇਚੇ ਤਾਂ ਜੋ ਠੇਕਾ ਪ੍ਰਣਾਲੀ ਨੂੰ ਯਕੀਨੀ ਬਣਾਇਆ ਜਾ ਸਕੇ, ਜਿਸ ਤਰ੍ਹਾਂ ਵਿਕਸਿਤ ਦੇਸ਼ਾਂ ਵਿੱਚ ਠੇਕੇ ਦੀ ਖੇਤੀ ਹੈ। ਇਸ ਵਿੱਚ ਉਹ ਜੈਵਿਕ ਉਪਜਾਂ ਬੀਜੀਆਂ ਜਾਣ, ਜਿਨ੍ਹਾਂ ਦੀ ਵਿਦੇਸ਼ਾਂ ਵਿੱਚ ਵੀ ਮੰਗ ਹੋਵੇ, ਇਹ ਵੀ ਦਿਲਚਸਪ ਤੱਥ ਹੈ ਕਿ ਮੰਦੀ ਹੋਵੇ, ਸੋਕਾ ਹੋਵੇ ਜਾਂ ਵਾਧੂ ਉਪਜ ਹੋਵੇ ਫ਼ਸਲਾਂ ਦੀ ਵਪਾਰੀ ਕਦੀ ਵੀ ਘਾਟੇ ਵਿੱਚ ਨਹੀਂ ਜਾਂਦੇ, ਕਿਉਂਕਿ ਉਨ੍ਹਾਂ ਦੇ ਲਾਭ ਹਰ ਹਾਲਤ ਵਿੱਚ ਸੁਰੱਖਿਅਤ ਰਹਿੰਦੇ ਹਨ। ਹੜ੍ਹਾਂ, ਸੋਕਿਆਂ ਤੇ ਫ਼ਸਲਾਂ ਦੀਆਂ ਬਿਮਾਰੀਆਂ ਦਾ ਪ੍ਰਭਾਵ ਸਿਰਫ਼ ਕਿਸਾਨਾਂ 'ਤੇ ਹੀ ਪੈਂਦਾ ਹੈ, ਕੋਈ ਵੀ ਕਿਸਾਨ ਨਾ ਤਾਂ ਨਿਰਯਾਤ ਕਰ ਸਕਦਾ ਹੈ ਨਾ ਹੀ ਵਪਾਰ ਕਰ ਸਕਦਾ ਹੈ। ਪਰ ਉਸ ਨੂੰ ਉਸ ਦੀ ਉਪਜ ਵਿੱਚ ਹਿੱਸੇਦਾਰ ਬਣਾਉਣ ਲਈ ਸਹਿਕਾਰੀ ਮੰਡੀਕਰਨ ਤੇ ਸਹਿਕਾਰੀ ਉਦਯੋਗਾਂ ਤੋਂ ਇਲਾਵਾ ਐੱਫ. ਪੀ. ਓ. (ਕ੍ਰਿਸਾਨੀ ਉਪਜ ਸੰਗਠਨ) ਵਿੱਚ ਕਿਸਾਨਾਂ ਨੂੰ ਹਿੱਸੇਦਾਰ ਬਣਾਇਆ ਜਾਵੇ ਅਤੇ ਉਹ ਲਾਭ ਜਿਹੜਾ ਵਪਾਰੀ ਕਮਾਉਂਦੇ ਹਨ, ਉਹ ਕਿਸਾਨ ਨੂੰ ਵੀ ਮਿਲੇ, ਜਿਵੇਂ ਦੁੱਧ ਉਤਪਾਦਨ ਵਿੱਚ ਬੋਨਸ ਸਹਿਕਾਰਤਾ ਦੇ ਰਾਹੀਂ ਮਿਲਦਾ ਹੈ।

# ਕਣਕ ਦੀ ਜੈਵਿਕ ਕਾਸ਼ਤ ਲਈ ਵਿਗਿਆਨਕ ਤਰੀਕੇ

**ਸਿਹਤ ਪ੍ਰਤੀ ਵੱਧ ਰਹੀ ਜਾਗਰੂਕਤਾ ਕਰਕੇ, ਕਈ ਕਿਸਾਨ ਆਪਣੀ ਘਰੇਲੂ ਵਰਤੋਂ ਲਈ ਜੈਵਿਕ ਕਣਕ ਉਗਾਉਂਦੇ ਹਨ। ਜੈਵਿਕ ਕਣਕ ਦੀ ਸਫ਼ਲ ਕਾਸ਼ਤ ਹੇਠ ਲਿਖੇ ਨੁਕਤਿਆਂ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ।**



ਅਮਨਪ੍ਰੀਤ ਸਿੰਘ ਅਤੇ ਵਿਪਨ ਕੁਮਾਰ ਰਾਮਪਾਲ,
ਕ੍ਰਿਸ਼ੀ ਵਿਗਿਆਨ ਕੇਂਦਰ, ਲੁਧਿਆਣਾ (ਸਮਰਾਲਾ)
(ਮੋ. 94785-54997)

**ਖੇਤ ਦੀ ਚੋਣ :** ਆਪਣੇ ਖੇਤ ਦੇ ਸਭ ਤੋਂ ਉਪਜਾਊ ਹਿੱਸੇ ਤੋਂ ਜੈਵਿਕ ਖੇਤੀ ਸ਼ੁਰੂ ਕਰੋ। ਚੰਗਾ ਹੋਵੇ ਜੇ ਖੇਤ ਦੇ ਆਲੇ-ਦੁਆਲੇ ਕੁਦਰਤੀ ਰੋਕਾਂ, ਜਿਵੇਂ ਸੜਕਾਂ, ਨਹਿਰਾਂ ਜਾਂ ਖਾਲ, ਮੌਜੂਦ ਹੋਣ ਤਾਂ ਜੋ ਪਾਸੇ ਵਾਲੇ ਖੇਤਾਂ ਤੋਂ ਪ੍ਰਦੂਸ਼ਣ ਨਾ ਆਵੇ। ਕਿਰਾਏ ਜਾਂ ਠੇਕੇ ਵਾਲੀ ਜ਼ਮੀਨ 'ਤੇ ਜੈਵਿਕ ਖੇਤੀ ਸ਼ੁਰੂ ਕਰਨ ਤੋਂ ਬਚੋ, ਕਿਉਂਕਿ ਜੈਵਿਕ ਪ੍ਰਮਾਣੀਕਰਣ ਲਈ ਘੱਟੋ-ਘੱਟ ਤਿੰਨ ਸਾਲ ਦੀ ਪ੍ਰਕਿਰਿਆ ਦਾ ਸਮਾਂ ਲੱਗਦਾ ਹੈ।

**ਫ਼ਸਲੀ ਚੱਕਰ :** ਕਣਕ ਦੀ ਵਧੀਆ ਪੈਦਾਵਾਰ ਲਈ ਅਜਿਹਾ ਫ਼ਸਲੀ ਚੱਕਰ ਅਪਣਾਓ, ਜਿਸ ਵਿੱਚ ਸਾਉਣੀ ਦੀ ਮੂੰਗੀ ਬੀਜਣ ਤੋਂ ਬਾਅਦ ਕਣਕ ਅਤੇ ਫਿਰ ਗਰਮੀਆਂ ਵਿੱਚ ਮੂੰਗੀ ਬੀਜੀ ਜਾਵੇ। ਇਹ ਤਰੀਕਾ ਮੂੰਗੀ ਦੇ ਫਲੀਦਾਰ ਪੌਦੇ ਕਾਰਨ ਮਿੱਟੀ ਵਿੱਚ ਕੁਦਰਤੀ ਤੌਰ 'ਤੇ ਨਾਈਟ੍ਰੋਜਨ ਵਧਾਉਂਦਾ ਹੈ ਅਤੇ ਮਿੱਟੀ ਦੀ ਸਿਹਤ ਬਰਕਰਾਰ ਰੱਖਦਾ ਹੈ।

**ਕਿਸਮਾਂ :** ਬਹੁਤ ਸਾਰੇ ਕਿਸਾਨ ਸੋਚਦੇ ਹਨ ਕਿ ਜੈਵਿਕ ਖੇਤੀ ਵਿੱਚ ਸਿਰਫ਼ ਦੇਸੀ ਕਣਕ ਦੀਆਂ ਕਿਸਮਾਂ ਹੀ ਬੀਜੀਆਂ ਜਾ ਸਕਦੀਆਂ ਹਨ ਅਤੇ ਸੁਧਰੀਆਂ ਕਿਸਮਾਂ ਦੀ ਮਨਾਹੀ ਹੈ। ਪਰ ਅਸਲ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਸਿਫ਼ਾਰਸ਼ ਕੀਤੀ ਕੋਈ ਵੀ ਸੁਧਰੀ ਕਿਸਮ ਜੈਵਿਕ ਤਰੀਕੇ ਨਾਲ ਉਗਾਈ ਜਾ ਸਕਦੀ ਹੈ। ਇਹਨਾਂ ਵਿੱਚੋਂ, ਪੀ ਬੀ ਡਬਲਯੂ 1 ਚਪਾਤੀ ਸਭ ਤੋਂ ਵਧੀਆ ਹੈ, ਕਿਉਂਕਿ ਇਸ ਦੇ ਆਟੇ ਦੀ ਰੋਟੀ ਸਵਾਦ ਬਣਦੀ ਹੈ।

**ਬੀਜ ਦੀ ਚੋਣ :** ਉੱਲੀਨਾਸ਼ਕਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਤੋਂ ਬਚੋ। ਕਾਂਗਿਆਰੀ ਰੋਗ ਤੋਂ ਬਚਾਅ ਲਈ, ਮਈ/ਜੂਨ ਵਿੱਚ ਇੱਕ ਧੁੱਪ ਵਾਲੇ ਦਿਨ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤੱਕ ਬੀਜਾਂ ਨੂੰ ਪਾਣੀ ਵਿੱਚ ਭਿਓ ਦਿਓ। 4 ਘੰਟੇ ਭਿੱਜਣ ਤੋਂ ਬਾਅਦ, ਬੀਜਾਂ ਨੂੰ ਧੁੱਪ ਵਿੱਚ ਪੂਰੀ ਤਰ੍ਹਾਂ ਸੁੱਕਣ ਲਈ ਪਤਲੀ ਪਰਤ ਵਿੱਚ ਫੈਲਾਓ, ਫਿਰ ਬਿਜਾਈ ਤੱਕ ਸੁੱਕੀ ਜਗ੍ਹਾ ਵਿੱਚ ਸਟੋਰ ਕਰੋ।

**ਬੀਜ ਦਾ ਜੀਵਾਣੂੰ ਟੀਕਾਕਰਨ :** ਇੱਕ ਏਕੜ ਬੀਜ ਲਈ, 500 ਗ੍ਰਾਮ ਕੰਸੋਰਟੀਅਮ ਜਾਂ 250-250 ਗ੍ਰਾਮ ਐਜ਼ੋਟੋਬੈਕਟਰ ਅਤੇ ਸਟ੍ਰੈਪਟੋਮਾਈਸਿਸ (ਐਜ਼ੋ-ਐਸ) ਨੂੰ 1 ਲਿਟਰ ਪਾਣੀ ਵਿੱਚ ਚੰਗੀ ਤਰ੍ਹਾਂ ਮਿਲਾਓ। ਇਸ ਮਿਸ਼ਰਣ ਨੂੰ ਪੱਕੇ ਫਰਸ਼ 'ਤੇ ਬੀਜ 'ਤੇ ਲਗਾਓ, ਛਾਂ ਵਿੱਚ ਸੁਕਾਓ ਅਤੇ ਤੁਰੰਤ ਬਿਜਾਈ ਕਰੋ। ਇਹ ਤਰੀਕਾ ਅਨਾਜ ਦੀ ਉਪਜ ਵਧਾਉਂਦਾ ਹੈ ਅਤੇ ਮਿੱਟੀ ਦੀ ਸਿਹਤ ਵੀ ਸੁਧਾਰਦਾ ਹੈ। ਇਹ ਟੀਕੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ, ਵੱਖ-ਵੱਖ ਜ਼ਿਲ੍ਹਿਆਂ ਦੇ ਕੇ. ਵੀ. ਕੇ. ਕੇਂਦਰਾਂ ਦੀ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਮਿਲਦੇ ਹਨ।




**ਬੀਜ ਦੀ ਦਰ ਅਤੇ ਬਿਜਾਈ ਦਾ ਸਮਾਂ :** ਉੱਨਤ ਕਿਸਮਾਂ ਪੀ ਬੀ ਡਬਲਯੂ 550 ਅਤੇ ਪੀ ਬੀ ਡਬਲਯੂ 869 (ਜਿਨ੍ਹਾਂ ਲਈ 45 ਕਿਲੋ ਬੀਜ ਦੀ ਲੋੜ ਹੁੰਦੀ ਹੈ) ਤੋਂ ਇਲਾਵਾ, ਇੱਕ ਏਕੜ ਲਈ 40 ਕਿਲੋ ਸਾਫ਼ ਅਤੇ ਗ੍ਰੇਡ ਕੀਤਾ ਬੀਜ ਵਰਤੋਂ। ਜੈਵਿਕ ਕਣਕ ਦੀ ਬਿਜਾਈ ਦਾ ਸਮਾਂ ਅਤੇ ਰਵਾਇਤੀ ਕਣਕ ਦਾ ਸਮਾਂ ਇੱਕੋ ਹੀ ਹੈ।

**ਬਿਜਾਈ ਦਾ ਤਰੀਕਾ :** ਹਾਲਾਂਕਿ ਕੋਈ ਵੀ ਰਵਾਇਤੀ ਬਿਜਾਈ ਵਾਲਾ ਤਰੀਕਾ ਵਰਤਿਆ ਜਾ ਸਕਦਾ ਹੈ, ਪਰ ਵਧੀਆ ਨਦੀਨ ਪ੍ਰਬੰਧਨ ਲਈ ਬੈੱਡ ਪਲਾਂਟਰ ਨਾਲ (37.5 ਸੈਂਟੀਮੀਟਰ ਚੌੜੇ ਬੈੱਡ 'ਤੇ 2 ਕਤਾਰਾਂ ਅਤੇ ਦੋ ਬੈੱਡਾਂ ਵਿਚਕਾਰ 30 ਸੈਂਟੀਮੀਟਰ ਚੌੜੀ ਖਾਲੀ) ਬੀਜੋ।

**ਜੈਵਿਕ ਖਾਦ :** ਉੱਚ, ਮੱਧਮ ਅਤੇ ਘੱਟ ਜੈਵਿਕ ਮਾਦੇ ਵਾਲੀ ਮਿੱਟੀ ਲਈ ਕ੍ਰਮਵਾਰ 8, 12 ਅਤੇ 16 ਟਨ/ਏਕੜ ਚੰਗੀ ਤਰ੍ਹਾਂ ਗਲੀ ਸੜੀ ਰੂੜੀ ਖਾਦ ਪਾਓ। ਬਦਲ ਦੇ ਤੌਰ 'ਤੇ, 1.7 ਟਨ/ਏਕੜ ਸੁੱਕੀ ਰੂੜੀ ਖਾਦ (1% ਨਾਈਟ੍ਰੋਜਨ), 1.1 ਟਨ/ਏਕੜ ਗੰਡੋਏ ਖਾਦ (1.5% ਨਾਈਟ੍ਰੋਜਨ), ਅਤੇ 0.7 ਟਨ/ਏਕੜ ਰਿੰਡ ਦੀ ਖੱਲ (2.5% ਨਾਈਟ੍ਰੋਜਨ) ਦੀ ਵਰਤੋਂ ਕਰੋ। ਸਾਉਣੀ ਦੀ ਮੂੰਗੀ/ਕਣਕ/ਗਰਮ ਰੁੱਤ ਦੀ ਮੂੰਗੀ ਪ੍ਰਣਾਲੀ ਲਈ, 5 ਟਨ/ਏਕੜ ਰੂੜੀ ਖਾਦ (1% ਨਾਈਟ੍ਰੋਜਨ) ਦੀ ਵਰਤੋਂ ਕਰੋ।

**ਨਦੀਨਾਂ ਦਾ ਪ੍ਰਬੰਧਨ :** ਲੋੜ ਅਨੁਸਾਰ 2 ਜਾਂ 3 ਗੋਡੀਆਂ ਕਰੋ।

**ਕੀਟ ਅਤੇ ਬਿਮਾਰੀ ਪ੍ਰਬੰਧਨ :** ਖੇਤ ਵਿੱਚ ਮੌਜੂਦਾ ਮਿੱਤਰ ਕੀੜੇ ਕਣਕ ਦੇ ਚੇਪੇ ਨੂੰ ਅਕਸਰ ਕਾਬੂ ਕਰ ਲੈਂਦੇ ਹਨ ਪਰ ਜੇਕਰ ਹਮਲਾ ਜ਼ਿਆਦਾ ਦਿਖੇ ਤਾਂ ਘਰ ਬਣਾਏ ਨਿੰਮ ਦੇ ਘੋਲ ਦੇ 2 ਲਿਟਰ ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਲੋੜ ਅਨੁਸਾਰ ਹਫ਼ਤੇ-ਹਫ਼ਤੇ ਦੇ ਵਕਫੇ ਤੇ ਦੁਹਰਾਓ।

**ਨਿੰਮ ਦੇ ਘੋਲ ਦੀ ਤਿਆਰੀ :** 4 ਕਿਲੋ ਨਿੰਮ ਦੇ ਪੱਤੇ, ਹਰੀਆਂ ਟਾਹਣੀਆਂ ਅਤੇ ਫਲ ਇਕੱਠੇ ਕਰਕੇ 10 ਲੀਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਤੋਂ ਬਾਅਦ ਮਲਮਲ ਦੇ ਕੱਪੜੇ ਰਾਹੀਂ ਘੋਲ ਨੂੰ ਛਾਣੋ ਅਤੇ ਤਿਆਰ ਕੀਤੇ ਘੋਲ ਦਾ ਫ਼ਸਲਾਂ 'ਤੇ ਛਿੜਕਾਅ ਕਰੋ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 45**
**ਮਿਤੀ 08-11-2025**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**, Printer, Publisher and Owner of Weekly **'KHETI DUNIYAN'** Printed at **Varginia Printers**, Shere-e-Punjab Market, Gaushala Road, Patiala-147001 (Pb.) and published from **Kheti Duniyan**, House No. 9-A, Ajit Nagar, Patiala-147001 (Pb.). E-mail : khetiduniyan1983@gmail.com Phone No. 0175-2214575, RNI No.**PUNPUN00806**


# ਖੇਤੀ ਰਸਾਇਣਾਂ ਦੀ ਵਾਜਬ ਵਰਤੋਂ


**ਅਸ਼ਵਨੀ ਚਤਰਥ**
ਮੋਬਾਇਲ : 62842-20595


ਕਰੀਬ ਛੇ ਦਹਾਕੇ ਪਹਿਲਾਂ ਭਾਰਤ ਦੀ ਖੇਤੀਬਾੜੀ ਕਾਫ਼ੀ ਪੱਛੜੀ ਹੋਈ ਸੀ ਅਤੇ ਇਸ ਦੀ ਉਤਪਾਦਕਤਾ ਵੀ ਕਾਫ਼ੀ ਘੱਟ ਅਤੇ ਅਨਿਸ਼ਚਿਤ ਹੁੰਦੀ ਸੀ। ਆਜ਼ਾਦੀ ਤੋਂ ਬਾਅਦ ਦੇ ਤਕਰੀਬਨ ਪਹਿਲੇ ਪੰਦਰਾਂ ਸਾਲਾਂ ਦੌਰਾਨ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿੱਚ ਵੱਖ-ਵੱਖ ਸਮਿਆਂ 'ਤੇ ਅਨਾਜ ਦੀ ਕਿੱਲਤ ਮਹਿਸੂਸ ਕੀਤੀ ਜਾਂਦੀ ਰਹੀ ਸੀ। ਸਰਕਾਰ ਨੂੰ ਲੋਕਾਂ ਦਾ ਪੇਟ ਭਰਨ ਲਈ ਵਿਦੇਸ਼ਾਂ ਤੋਂ ਅਨਾਜ ਮੰਗਵਾਉਣਾ ਪੈਂਦਾ ਸੀ ਜਿਸ ਉੱਤੇ ਸਰਕਾਰੀ ਬਜਟ ਦਾ ਜ਼ਿਆਦਾਤਰ ਹਿੱਸਾ ਖ਼ਰਚ ਹੋ ਜਾਂਦਾ ਸੀ ਅਤੇ ਇਸ ਦਾ ਨਾਂਹ-ਪੱਖੀ ਅਸਰ ਸਿੱਧੇ ਤੌਰ 'ਤੇ ਦੇਸ਼ ਦੇ ਅਰਥਚਾਰੇ ਉੱਤੇ ਪੈਂਦਾ ਸੀ ਅਤੇ ਦੇਸ਼ ਦੀ ਵਿਦੇਸ਼ੀ ਮੁਦਰਾ ਉੱਤੇ ਵੀ ਲਗਾਤਾਰ ਦਬਾਅ ਬਣਿਆ ਰਹਿੰਦਾ ਸੀ। ਇਸ ਦੇ ਸਿੱਟੇ ਵਜੋਂ ਬਾਕੀ ਖੇਤਰਾਂ ਉੱਤੇ ਲੋੜੀਂਦਾ ਖ਼ਰਚ ਨਹੀਂ ਹੁੰਦਾ ਸੀ। ਇਸੇ ਕਾਰਨ ਦੇਸ਼ ਦੀ ਆਰਥਿਕ ਤਰੱਕੀ ਦੀ ਰਫ਼ਤਾਰ ਸ਼ੁਰੂ ਦੇ ਸਾਲਾਂ ਵਿੱਚ ਨਹੀਂ ਫੜ ਸਕੀ। ਸੰਨ 1960 ਤੋਂ 1970 ਦੇ ਦਹਾਕੇ ਦਰਮਿਆਨ ਮਿਹਨਤੀ ਕਿਸਾਨਾਂ, ਸਰਕਾਰਾਂ ਅਤੇ ਖੇਤੀ ਵਿਗਿਆਨੀਆਂ ਵੱਲੋਂ ਕੀਤੀਆਂ ਗਈਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ ਆਈ ਹਰੀ ਕ੍ਰਾਂਤੀ ਨਾਲ ਖੇਤੀਬਾੜੀ ਦੇ ਢੰਗ-ਤਰੀਕਿਆਂ ਵਿੱਚ ਵੱਡੀਆਂ ਤਬਦੀਲੀਆਂ ਆਈਆਂ। ਖੇਤੀਬਾੜੀ ਵਿੱਚ ਤਕਨਾਲੋਜੀ ਦੀ ਵਰਤੋਂ, ਜ਼ਿਆਦਾ ਝਾੜ ਦੇਣ ਵਾਲੇ ਬੀਜਾਂ ਦਾ ਵਿਕਾਸ, ਮਸ਼ੀਨੀ ਸੰਦਾਂ ਦੀ ਵਰਤੋਂ, ਸਿੰਜਾਈ ਸਹੂਲਤਾਂ ਵਿੱਚ ਵਾਧਾ ਅਤੇ ਰਸਾਇਣਕ ਖਾਦਾਂ ਅਤੇ ਕੀਟਨਸ਼ਕਾਂ ਦੀ ਵੱਧ ਮਾਤਰਾ ਵਿੱਚ ਵਰਤੋਂ ਹੋਣ ਲੱਗੀ। ਹਰੀ ਕ੍ਰਾਂਤੀ ਵਿੱਚ ਜਿੱਥੇ ਖੇਤੀ ਯੂਨੀਵਰਸਿਟੀ ਅਤੇ ਖੇਤੀ ਵਿਗਿਆਨੀਆਂ ਦੀ ਅਹਿਮ ਭੂਮਿਕਾ ਰਹੀ ਸੀ, ਉੱਥੇ ਹੀ ਸਮੂਹ ਕਿਸਾਨਾਂ ਦਾ ਵੀ ਵੱਡਾ ਯੋਗਦਾਨ ਰਿਹਾ ਸੀ, ਖ਼ਾਸ ਕਰਕੇ ਪੰਜਾਬ ਦੇ ਕਿਸਾਨਾਂ ਦਾ ਵੱਡਮੁੱਲਾ ਅਤੇ ਸ਼ਲਾਘਾਯੋਗ ਯੋਗਦਾਨ ਸੀ ਜਿਸ ਸਦਕਾ ਭਾਰਤ ਵਿੱਚ ਅੱਜ ਅਨਾਜ ਦੇ ਅਥਾਹ ਭੰਡਾਰ ਮੌਜੂਦ ਹਨ। ਇਸੇ ਕਾਰਨ 'ਭੋਜਨ ਸੁਰੱਖਿਆ ਕਾਨੂੰਨ' ਲਾਗੂ ਕਰਨ ਵਿੱਚ ਵੀ ਆਸਾਨੀ ਹੋ ਰਹੀ ਹੈ ਅਤੇ ਵਿਦੇਸ਼ੀ ਮੁਦਰਾ ਨੂੰ ਬਚਾਉਣ ਵਿੱਚ ਵੀ ਮਦਦ ਮਿਲ ਰਹੀ ਹੈ। ਹਰੀ ਕ੍ਰਾਂਤੀ ਨੇ ਜਿੱਥੇ ਇੱਕ ਪਾਸੇ ਦੇਸ਼ ਵਿੱਚ ਖੁਸ਼ਹਾਲੀ ਲਿਆਂਦੀ ਹੈ, ਉੱਥੇ ਦੂਜੇ ਪਾਸੇ ਲੋੜੋਂ ਵੱਧ ਵਰਤੇ ਜਾਂਦੇ ਰਸਾਇਣਾਂ ਨੇ ਸਾਡੇ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਸੰਨ 1972 ਤੋਂ 1985 ਦੇ ਸਮੇਂ ਦੌਰਾਨ ਸਮੁੱਚੇ ਭਾਰਤ ਦੀ ਖੇਤੀ ਵਾਧਾ ਦਰ 2.3 ਫ਼ੀਸਦ ਰਹੀ ਸੀ ਜਦਕਿ ਪੰਜਾਬ ਵਿੱਚ ਖੇਤੀ ਵਾਧਾ ਦਰ 5.7 ਫ਼ੀਸਦ ਰਹੀ ਸੀ ਜੋ ਕਿ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ। ਇਸ ਸਭ ਦੇ ਨਾਲ ਇੱਕ ਦੂਜਾ ਪਹਿਲੂ ਵੀ ਵਿਚਾਰਨ ਦੀ ਲੋੜ ਹੈ ਤੇ ਉਹ ਹੈ ਖੇਤੀਬਾੜੀ ਵਿੱਚ ਰਸਾਇਣਕ ਖਾਦਾਂ ਅਤੇ ਰਸਾਇਣਕ ਕੀਟਨਾਸ਼ਕਾਂ ਦੀ ਬੇਹਿਸਾਬ ਵਰਤੋਂ ਜੋ ਕਿ ਲਗਾਤਾਰ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।



ਤ੍ਰਾਸਦੀ ਇਹ ਹੈ ਕਿ ਕੀਟਨਾਸ਼ਕਾਂ ਦੀ ਸਭ ਤੋਂ ਵੱਧ ਵਰਤੋਂ ਦੇ ਮਾਮਲੇ ਵਿੱਚ ਮਹਾਰਾਸ਼ਟਰ ਅਤੇ ਯੂ. ਪੀ. ਤੋਂ ਬਾਅਦ ਪੰਜਾਬ ਦਾ ਤੀਜਾ ਨੰਬਰ ਹੈ। ਇੱਥੇ ਕਈ ਅਜਿਹੇ ਕੀਟਨਾਸ਼ਕ ਵੀ ਵਰਤੇ ਜਾਂਦੇ ਹਨ ਜਿਨ੍ਹਾਂ ਦੀ ਵਿਸ਼ਵ ਸਿਹਤ ਸੰਗਠਨ ਨੇ ਮਨਾਹੀ ਕੀਤੀ ਹੋਈ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਪ੍ਰਤੀ ਹੈਕਟੇਅਰ ਰਸਾਇਣਕ ਖਾਦਾਂ ਦੀ ਔਸਤ ਵਰਤੋਂ 232 ਕਿਲੋ ਹੈ ਜੋ ਕਿ ਦੂਜੇ ਰਾਜਾਂ ਵਿੱਚ ਔਸਤਨ 133 ਕਿਲੋ ਪ੍ਰਤੀ ਹੈਕਟੇਅਰ ਹੈ। ਖੋਜਾਂ ਦੱਸਦੀਆਂ ਹਨ ਕਿ ਵਰਤੇ ਜਾਂਦੇ ਕੀਟਨਾਸ਼ਕ ਜਿੱਥੇ ਨੁਕਸਾਨਕਾਰੀ ਕੀੜਿਆਂ ਅਤੇ ਨਦੀਨਾਂ ਨੂੰ ਖ਼ਤਮ ਕਰਦੇ ਹਨ ਉੱਥੇ ਹੀ ਇਹ ਜੈਵਿਕ ਵਿਭਿੰਨਤਾ ਲਈ ਅਹਿਮ ਮੰਨੇ ਜਾਂਦੇ ਜੀਵਾਂ ਜਿਵੇਂ ਪੰਛੀਆਂ, ਮੱਛੀਆਂ, ਕਿਸਾਨਾਂ ਦੇ ਮਿੱਤਰ ਕੀਟਾਂ, ਸਮੂਹ ਬਨਸਪਤੀਆਂ ਅਤੇ ਪਾਣੀ ਵਿੱਚ ਰਹਿਣ ਵਾਲੇ ਸਮੁੱਚੇ ਜਲ ਜੀਵਨ ਨੂੰ ਖ਼ਤਰੇ ਵਿੱਚ ਪਾਉਂਦੇ ਹਨ। ਸਮੁੱਚੇ ਪੰਜਾਬ ਵਿੱਚ ਵਰਤੇ ਜਾਂਦੇ ਕੁੱਲ ਕੀਟਨਾਸ਼ਕਾਂ ਦਾ 75 ਫ਼ੀਸਦ ਹਿੱਸਾ ਇਕੱਲਾ ਮਾਲਵਾ ਇਲਾਕੇ ਵਿੱਚ ਹੀ ਵਰਤਿਆ ਜਾਂਦਾ ਹੈ। ਬੇਤਹਾਸ਼ਾ ਵਰਤੇ ਗਏ ਰਸਾਇਣਾਂ ਨੇ ਸਾਡੇ ਹਵਾ, ਪਾਣੀ ਅਤੇ ਭੋਜਨ ਪ੍ਰਣਾਲੀ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਪਿਛਲੇ ਦਸ-ਪੰਦਰਾਂ ਸਾਲਾਂ ਵਿੱਚ ਇਸ ਇਲਾਕੇ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਤਿੰਨ ਗੁਣਾ ਤੋਂ ਜ਼ਿਆਦਾ ਵੱਧ ਚੁੱਕੀ ਹੈ। ਹਾਲਾਤ ਅਜਿਹੇ ਬਣ ਚੁੱਕੇ ਹਨ ਕਿ ਖੋਜੀ ਵਿਦਵਾਨਾਂ ਵੱਲੋਂ ਇਸ ਖਿੱਤੇ ਨੂੰ ਭਾਰਤ ਦੀ 'ਕੈਂਸਰ ਰਾਜਧਾਨੀ' ਆਖਿਆ ਜਾਣ ਲੱਗ ਪਿਆ ਹੈ।

ਕੀਟਨਾਸ਼ਕਾਂ ਦੀ ਬੇਹਿਸਾਬ ਵਰਤੋਂ ਜਿੱਥੇ ਇੱਕ ਪਾਸੇ ਕਿਸਾਨ ਦਾ ਖ਼ਰਚ ਵਧਾਉਂਦੀ ਹੈ, ਦੂਜੇ ਪਾਸੇ ਇਹ ਰਸਾਇਣ ਜ਼ਮੀਨ ਅੰਦਰਲੇ ਮਿੱਤਰ ਕੀਟਾਂ ਨੂੰ ਮਾਰ ਕੇ ਜ਼ਮੀਨ ਨੂੰ ਬੇਜਾਨ ਕਰਦੇ ਹਨ। ਸਮਝਣ ਦੀ ਲੋੜ ਹੈ ਕਿ ਰਸਾਇਣਾਂ ਦੀ ਬੇਤਹਾਸ਼ਾ ਵਰਤੋਂ ਨਾਲ ਇਹ ਸਾਡੀ ਜੀਵਨ ਪ੍ਰਣਾਲੀ ਦੇ ਜ਼ਰੂਰੀ ਹਿੱਸਿਆਂ ਜਿਵੇਂ ਕਿ ਭੋਜਨ, ਪਾਣੀ ਅਤੇ ਮਿੱਟੀ ਵਿੱਚ ਘੁਲ ਮਿਲ ਚੁੱਕੇ ਹਨ ਅਤੇ ਇਨ੍ਹਾਂ ਰਸਤੇ ਇਹ ਸਾਡੇ ਸਰੀਰ ਅੰਦਰ ਵੀ ਲਗਾਤਾਰ ਵਧ ਰਹੇ ਹਨ ਜੋ ਕਿ ਅਨੇਕਾਂ ਬਿਮਾਰੀਆਂ ਦੇ ਪਸਾਰ ਦਾ ਕਾਰਨ ਹੈ। ਵਿਗਿਆਨੀਆਂ ਵੱਲੋਂ ਭਿਆਨਕ ਰੋਗਾਂ ਜਿਵੇਂ ਜਿਗਰ ਦਾ ਖ਼ਰਾਬ ਹੋਣਾ, ਗੁਰਦਿਆਂ ਦਾ ਫੇਲ੍ਹ ਹੋਣਾ, ਯਾਦਸ਼ਕਤੀ ਦਾ ਘਟਣਾ, ਪ੍ਰਜਨਣ ਸੰਬੰਧੀ ਰੋਗ, ਗਦੂਦਾਂ, ਫੇਫੜਿਆਂ ਦੇ ਰੋਗ, ਸਾਹ ਦੀਆਂ ਬਿਮਾਰੀਆਂ, ਬਾਂਝਪਣ, ਵੱਖ-ਵੱਖ ਤਰ੍ਹਾਂ ਦੇ ਕੈਂਸਰ, ਨਾੜੀ ਪ੍ਰਣਾਲੀ ਦੇ ਦੋਸ਼ ਅਤੇ ਬੱਚਿਆਂ ਦੇ ਜਨਮ ਸਮੇਂ ਲਗਣ ਵਾਲੇ ਰੋਗਾਂ ਆਦਿ ਲਈ ਸਾਡੇ ਹਵਾ, ਪਾਣੀ ਅਤੇ ਖਾਣ ਪੀਣ ਵਾਲੀਆਂ ਵਸਤਾਂ ਵਿੱਚ ਰਸਾਇਣਾਂ ਦੀ ਬਹੁਤਾਤ ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ। ਪੰਜਾਬ ਦੇ ਮਾਲਵੇ ਇਲਾਕੇ ਦੇ ਪਿੰਡਾਂ ਵਿੱਚੋਂ ਜਾਣਕਾਰੀ ਇਕੱਠੀ ਕਰਨ ਲਈ ਮਾਹਿਰ ਵਿਦਵਾਨਾਂ ਵੱਲੋਂ ਸਬਜ਼ੀਆਂ ਦੇ ਸੈਂਪਲ ਲੈ ਕੇ ਖੋਜਾਂ ਕੀਤੀਆਂ ਗਈਆਂ ਸਨ ਅਤੇ ਸਾਹਮਣੇ ਆਇਆ ਸੀ ਕਿ ਸਬਜ਼ੀਆਂ ਵਿੱਚ ਕ੍ਰੋਮੀਅਮ, ਯੂਰੇਨੀਅਮ, ਕੈਡਮੀਅਮ, ਲੈੱਡ (ਸਿੱਕਾ) ਅਤੇ ਨਿੱਕਲ ਜਿਹੀਆਂ ਜ਼ਹਿਰੀਲੀਆਂ ਧਾਤੂਆਂ ਦਾ ਖ਼ਤਰਨਾਕ ਪੱਧਰ ਸੀ ਅਤੇ ਇਨ੍ਹਾਂ ਦੀ ਮਾਤਰਾ ਵਿਸ਼ਵ ਸਿਹਤ ਸੰਗਠਨ ਵੱਲੋਂ ਨਿਰਧਾਰਤ ਮਾਪਦੰਡਾਂ ਤੋਂ ਕਿਤੇ ਵੱਧ ਸੀ। ਸਮਝਣ ਦੀ ਲੋੜ ਹੈ ਕਿ ਰਸਾਇਣਾਂ ਦੀ ਲੋੜ ਤੋਂ ਵੱਧ ਵਰਤੋਂ ਕਰਨ ਨਾਲ ਇਹ ਪਾਣੀ ਨਾਲ ਰੁੜ੍ਹ ਕੇ ਪੀਣ ਵਾਲੇ ਪਾਣੀ ਅਤੇ ਜ਼ਮੀਨ ਉੱਪਰਲੇ ਦੂਜੇ ਜਲ ਸਰੋਤਾਂ ਜਿਵੇਂ ਨਹਿਰਾਂ, ਤਲਾਬਾਂ, ਦਰਿਆਵਾਂ ਅਤੇ ਨਿਕਾਸੀ ਨਾਲਿਆਂ ਵਿੱਚ ਦਾਖ਼ਲ ਹੋ ਜਾਂਦੇ ਹਨ। ਮੈਡੀਕਲ ਖੇਤਰ ਦੇ ਮਾਹਿਰਾਂ ਵੱਲੋਂ ਚੌਕਸ ਕੀਤਾ ਗਿਆ ਹੈ ਕਿ ਜ਼ਹਿਰੀਲੀਆਂ ਧਾਤੂਆਂ ਦੇ ਲੰਮਾਂ ਸਮਾਂ ਸੰਪਰਕ ਵਿੱਚ ਰਹਿਣ ਨਾਲ ਮਨੁੱਖ ਦੀਆਂ ਹਾਰਮੋਨ ਪ੍ਰਣਾਲੀਆਂ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਉਸ ਦੀ ਸੰਤਾਨ ਪੈਦਾ ਕਰਨ ਦੀ ਸਮਰੱਥਾ ਵੀ ਘੱਟ ਜਾਂਦੀ ਹੈ। ਵਿਗਿਆਨੀਆਂ ਵੱਲੋਂ ਮਾਲਵੇ ਦੇ ਪ੍ਰਭਾਵਿਤ ਪਿੰਡਾਂ ਤੋਂ ਇਕੱਠੀ ਕੀਤੀ ਗਈ ਜਾਣਕਾਰੀ ਵਿੱਚ ਇਹ ਪਤਾ ਲੱਗਿਆ ਸੀ ਕਿ ਇਨ੍ਹਾਂ ਇਲਾਕਿਆਂ ਵਿੱਚ ਹੈਪੇਟਾਇਟਸ ਸੀ, ਜੋ ਕਿ ਪੀਲੀਏ ਦੀ ਇੱਕ ਖ਼ਤਰਨਾਕ ਕਿਸਮ ਹੈ, ਤੇ ਕੈਂਸਰ ਦੇ ਕੇਸ ਵਿਆਪਕ ਪੱਧਰ 'ਤੇ ਸਨ। ਪ੍ਰਭਾਵਿਤ ਇਲਾਕਿਆਂ ਵਿੱਚ ਬੱਚਿਆਂ ਦੇ ਸਮੇਂ ਤੋਂ ਪਹਿਲਾਂ ਜਨਮ ਅਤੇ ਗਰਭਵਤੀ ਮਹਿਲਾਵਾਂ ਵਿੱਚ ਗਰਭਪਾਤ ਦੇ ਕਾਫ਼ੀ ਮਾਮਲੇ ਸਾਹਮਣੇ ਆਏ ਸਨ। ਇੱਥੋਂ ਤੱਕ ਕਿ ਗਰਭਵਤੀ ਔਰਤਾਂ ਵੱਲੋਂ ਮ੍ਰਿਤਕ ਬੱਚਿਆਂ ਨੂੰ ਜਨਮ ਦੇਣ ਦੀਆਂ ਘਟਨਾਵਾਂ ਵੀ ਦੇਸ਼ ਦੇ ਦੂਜੇ ਹਿੱਸਿਆਂ ਨਾਲੋਂ ਪੰਜ ਗੁਣਾ ਵੱਧ ਵੇਖੀਆਂ ਗਈਆਂ ਸਨ। ਇਨ੍ਹਾਂ ਖ਼ਤਰਨਾਕ ਰਸਾਇਣਾਂ ਦਾ ਛੋਟੇ ਬੱਚਿਆਂ ਦੀ ਸਿਹਤ ਉੱਤੇ ਵੀ ਮਾੜਾ ਪ੍ਰਭਾਵ ਵੇਖਣ ਨੂੰ ਮਿਲਿਆ ਹੈ। ਇਲਾਕੇ ਵਿੱਚ ਵੱਡੀ ਗਿਣਤੀ ਅਜਿਹੇ ਬੱਚੇ ਵੇਖੇ ਗਏ ਸਨ ਜਿਨ੍ਹਾਂ ਵਿੱਚ ਪੇਟ ਅਤੇ ਮਸੂੜਿਆਂ ਦੀਆਂ ਬਿਮਾਰੀਆਂ ਦੇ ਨਾਲ-ਨਾਲ ਦੰਦਾਂ ਦੀ ਬਣਤਰ ਵਿਚ ਵੀ ਖ਼ਰਾਬੀ ਵੇਖੀ ਗਈ ਸੀ। ਖੇਤੀ ਰਸਾਇਣਾਂ ਦਾ ਇੱਕ ਦੂਜਾ ਪਹਿਲੂ ਵੀ ਹੈ, ਉਹ ਹੈ ਲੋੜ ਤੋਂ ਵੱਧ ਖਾਦਾਂ ਦੀ ਵਰਤੋਂ ਕਰਨਾ। ਇਨ੍ਹਾਂ ਖਾਦਾਂ ਦੇ ਰੁੜ੍ਹ ਕੇ ਜਲ ਸਰੋਤਾਂ ਵਿੱਚ ਮਿਲ ਜਾਣ ਨਾਲ ਕਾਈ ਜਿਹੇ ਫ਼ਾਲਤੂ ਪੌਦੇ ਤੇਜ਼ੀ ਨਾਲ ਉੱਗਣ ਲੱਗਦੇ ਹਨ, ਜਿਸ ਕਰਕੇ ਪਾਣੀ ਨੂੰ ਪ੍ਰਕਾਸ਼ ਅਤੇ ਹਵਾ ਦੀ ਘਾਟ ਹੋਣ ਕਰਕੇ ਪਾਣੀ ਵਿਚਲਾ ਬਾਕੀ ਜਲ-ਜੀਵਨ ਖ਼ਤਰੇ ਵਿੱਚ ਪੈ ਜਾਂਦਾ ਹੈ ਜੋ ਕਿ ਜੈਵਿਕ ਵਿਭਿੰਨਤਾ ਲਈ ਇੱਕ ਬਹੁਤ ਵੱਡਾ ਖ਼ਤਰਾ ਹੈ। ਇਸ ਲਈ ਇਹ ਸਮੇਂ ਦੀ ਲੋੜ ਹੈ ਕਿ ਖੇਤੀਬਾੜੀ ਵਿੱਚ ਖੇਤੀ ਯੂਨੀਵਰਸਿਟੀ ਦੇ ਵਿਗਿਆਨੀਆਂ ਵੱਲੋਂ ਤੈਅ ਕੀਤੇ ਮਾਪਦੰਡਾਂ ਅਨੁਸਾਰ ਹੀ ਰਸਾਇਣਾਂ ਦੀ ਵਰਤੋਂ ਕੀਤੀ ਜਾਵੇ।





# ਸਧਾਰਨ ਨਾਲੋਂ ਵੱਧ ਤਾਪਮਾਨ ਦਾ ਕਣਕ ਦੇ ਝਾੜ ਨਾਲ ਸੰਬੰਧ

ਕੁਲਵਿੰਦਰ ਕੌਰ ਗਿੱਲ ਅਤੇ ਗੁਰਪ੍ਰੀਤ ਸਿੰਘ ਮੱਕੜ,
ਜਲਵਾਯੂ ਪਰਿਵਰਤਨ ਅਤੇ ਖੇਤੀ ਮੌਸਮ ਸਕੂਲ, ਪੀ. ਏ. ਯੂ., ਲੁਧਿਆਣਾ (ਮੋ. 98553-85287)

**ਕਣਕ ਦੇ ਝਾੜ ਨੂੰ ਵੱਖ-ਵੱਖ ਤਕਨੀਕਾਂ ਅਤੇ ਮੌਸਮ ਬਹੁਤ ਪ੍ਰਭਾਵਿਤ ਕਰਦਾ ਹੈ। ਮੌਸਮੀ ਤੱਤ ਜਿਵੇਂ ਕਿ ਦਿਨ ਦਾ ਤਾਪਮਾਨ, ਰਾਤ ਦਾ ਤਾਪਮਾਨ, ਸੂਰਜੀ ਰੋਸ਼ਨੀ, ਵਰਖਾ, ਨਮੀਂ ਆਦਿ ਦਾ ਆਪਣਾ-ਆਪਣਾ ਮਹੱਤਵ ਹੈ। ਪਰ ਫਿਰ ਵੀ ਦਿਨ ਅਤੇ ਰਾਤ ਦੇ ਤਾਪਮਾਨ ਦਾ ਕਣਕ ਦੇ ਝਾੜ ਤੇ ਬਹੁਤ ਜ਼ਿਆਦਾ ਅਸਰ ਪੈਂਦਾ ਹੈ। ਕਣਕ ਦੀ ਫ਼ਸਲ ਤੇ ਤਾਪਮਾਨ ਦਾ ਅਸਰ ਬੂਝਾ ਮਾਰਨ ਤੋਂ ਲੈ ਕੇ ਕਣਕ ਦੇ ਪੱਕਣ ਤੱਕ ਦੇ ਪੜਾਵਾਂ ਤੇ ਅਲੱਗ-ਅਲੱਗ ਸਮੇਂ ਹੁੰਦਾ ਹੈ।**

ਜੇਕਰ ਅਸੀਂ ਪਿਛਲੇ ਸਾਲਾਂ ਦੇ ਕਣਕ ਦੇ ਝਾੜ ਤੇ ਝਾਤ ਮਾਰੀਏ ਤਾਂ ਤਾਪਮਾਨ ਦਾ ਚੰਗਾ/ਮਾੜਾ ਪ੍ਰਭਾਵ ਸਾਫ਼ ਨਜ਼ਰ ਆਉਂਦਾ ਹੈ। ਪਿਛਲੇ ਦਹਾਕੇ ਵਿੱਚ ਸਾਲ 2011-12 ਅਤੇ 2024-25 ਵਿੱਚ ਕਣਕ ਦਾ ਝਾੜ ਕ੍ਰਮਵਾਰ 21.5 ਅਤੇ 21.6 ਕੁਇੰਟਲ ਪ੍ਰਤੀ ਏਕੜ ਰਿਹਾ ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਸੀ। ਇਸ ਸਾਲ ਫ਼ਸਲ ਦੇ ਕਾਰਜਕਾਲ ਦੌਰਾਨ ਤਾਪਮਾਨ ਬਹੁਤ ਹੀ ਅਨੁਕੂਲ ਰਿਹਾ ਅਤੇ ਇਸ ਤੋਂ ਪਹਿਲੇ ਸਾਲ 2011 ਵਿੱਚ ਵੀ ਮੌਸਮ ਨੇ ਪੂਰਾ ਸਾਥ ਦਿੱਤਾ ਅਤੇ ਪੰਜਾਬ ਵਿੱਚ ਕਣਕ ਦਾ ਝਾੜ 20.0 ਕੁਇੰਟਲ ਪ੍ਰਤੀ ਏਕੜ ਤੱਕ ਰਿਹਾ। ਪਰ ਸਾਲ 2009-10 ਅਤੇ 2021-22 ਵਿੱਚ ਝਾੜ ਘੱਟ ਕੇ 18.2 ਅਤੇ 17.1 ਕੁਇੰਟਲ ਪ੍ਰਤੀ ਏਕੜ ਰਹਿ ਗਿਆ ਸੀ ਕਿਉਂਕਿ ਮਾਰਚ ਮਹੀਨੇ ਦੇ ਸਧਾਰਨ ਨਾਲੋਂ ਵੱਧ ਰਹੇ ਤਾਪਮਾਨ ਨੇ ਝਾੜ ਦੇ ਮਹੱਤਵਪੂਰਨ ਅਸਰ ਦਿਖਾਇਆ। ਇਸ ਤੋਂ ਬਾਅਦ 2013 ਵਿੱਚ ਭਾਵੇਂ ਮੌਸਮ ਬਹੁਤ ਜ਼ਿਆਦਾ ਕਠੋਰ ਨਹੀਂ ਰਿਹਾ ਪਰ ਫਿਰ ਵੀ ਇਸ ਨੇ ਕਣਕ ਦੇ ਝਾੜ ਤੇ ਮਾੜਾ ਅਸਰ ਪਾਇਆ। ਜਿਸ ਨਾਲ ਪੰਜਾਬ ਵਿੱਚ ਕਣਕ ਦਾ ਔਸਤਨ ਝਾੜ 19.0 ਕੁਇੰਟਲ ਪ੍ਰਤੀ ਏਕੜ ਤੱਕ ਹੀ ਰਿਹਾ। ਕਣਕ ਦੇ ਝਾੜ ਵਿੱਚ ਇਸ ਉਤਰਾਅ-ਚੜਾਅ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਇੱਥੇ ਸਾਲ 2013 ਅਤੇ 2022 ਦੇ ਹਾੜੀ ਦੇ ਮੌਸਮ ਵਿਚਲੇ ਤਾਪਮਾਨ ਦੇ ਅਸਰ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਹੈ।

ਕਣਕ ਦਾ ਵੱਧ ਤੋਂ ਵੱਧ ਝਾੜ ਲੈਣ ਲਈ ਬੂਝਾ ਮਾਰਨ ਵੇਲੇ ਅਨੁਕੂਲ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਤਾਪਮਾਨ 17-20 ਅਤੇ 4-6 ਡਿਗਰੀ ਸੈਂਟੀਗਰੇਡ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਫੁੱਲ ਪਰਾਗਣ ਵੇਲੇ, ਦਾਣਾ ਬਨਣ ਵੇਲੇ ਅਤੇ ਫ਼ਸਲ ਪੱਕਣ ਵੇਲੇ ਵੱਧ ਤੋਂ ਵੱਧ 16 ਤੋਂ ਲੈ ਕੇ 35 ਡਿਗਰੀ ਸੈਂਟੀਗਰੇਡ ਤੱਕ ਅਤੇ ਘੱਟ ਤੋਂ ਘੱਟ ਤਾਪਮਾਨ 4 ਤੋਂ ਲੈ ਕੇ 17 ਡਿਗਰੀ ਸੈਂਟੀਗਰੇਡ ਤੱਕ ਰਹਿਣਾ ਚਾਹੀਦਾ ਹੈ (ਸਾਰਣੀ ਨੰ. 1.)।

ਸਾਰਣੀ 1 : ਕਣਕ ਦਾ ਵੱਧ ਤੋਂ ਵੱਧ ਝਾੜ ਲੈਣ ਲਈ ਵੱਖ-ਵੱਖ ਪੜਾਵਾਂ ਲਈ ਅਨੁਕੂਲ ਤਾਪਮਾਨ

| ਫ਼ਸਲੀ ਪੜਾਅ | ਅਨੁਕੂਲ ਤਾਪਮਾਨ | |
|---|---|---|
| | ਵੱਧ ਤੋਂ ਵੱਧ ਤਾਪਮਾਨ | ਘੱਟ ਤੋਂ ਘੱਟ ਤਾਪਮਾਨ |
| ਬੂਝਾ ਮਾਰਨ ਸਮੇਂ | 17-20 | 4-6 |
| ਤਾਜ ਜੜ੍ਹ ਸਮੇਂ | 16-26 | 4-9 |
| ਪਰਾਗਣ ਸਮੇਂ | 18-20 | 4-8 |
| ਦਾਣਾ ਭਰਨ ਸਮੇਂ | 21-27 | 5-11 |
| ਫ਼ਸਲ ਪੱਕਣ ਸਮੇਂ | 28-35 | 12-17 |

## ਵੱਧ ਤੋਂ ਵੱਧ ਤਾਪਮਾਨ

ਜੇਕਰ 2013 ਅਤੇ 2022 ਦੇ ਰੋਜ਼ਾਨਾ ਵੱਧ ਤੋਂ ਵੱਧ ਤਾਪਮਾਨ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਸਾਲ ਕਣਕ ਦੀ ਫ਼ਸਲ ਵਿੱਚ ਦੋਧਾ ਪੈਣ ਵੇਲੇ ਦਾ 2-5 ਡਿਗਰੀ ਸੈਂਟੀਗਰੇਡ ਵੱਧ ਤਾਪਮਾਨ ਦੇਖਿਆ ਗਿਆ ਜੋ ਕਿ ਸਧਾਰਨ ਨਾਲੋਂ ਵੱਧ ਹੋਣ ਦੇ ਨਾਲ-ਨਾਲ 2009-10 ਦੇ ਤਾਪਮਾਨ ਨਾਲੋਂ ਵੀ ਵੱਧ ਪਾਇਆ ਗਿਆ। ਇਸੇ ਤਰ੍ਹਾਂ ਹੀ ਸਧਾਰਨ ਨਾਲੋਂ ਵੱਧ ਤਾਪਮਾਨ ਦਾਣਾ ਭਰਨ ਵੇਲੇ ਵੀ ਬਹੁਤ ਮਾੜਾ ਅਸਰ ਕਰਦਾ ਹੈ। ਜੇਕਰ ਵੱਧ ਤੋਂ ਵੱਧ ਤਾਪਮਾਨ ਫਰਵਰੀ ਮਹੀਨੇ ਦੇ ਦੂਜੇ ਪੰਦਰਵਾੜੇ ਅਤੇ ਮਾਰਚ ਮਹੀਨੇ ਦੇ ਪਹਿਲੇ ਪੰਦਰਵਾੜੇ ਵਿੱਚ ਸਧਾਰਨ ਨਾਲੋਂ 4-5 ਡਿਗਰੀ ਸੈਂਟੀਗਰੇਡ ਜ਼ਿਆਦਾ ਰਹੇ ਤਾਂ ਇਸ ਨਾਲ ਦਾਣਾ ਭਰਨ ਦਾ ਸਮਾਂ ਘੱਟ ਜਾਂਦਾ ਹੈ ਅਤੇ ਫ਼ਸਲ ਵੀ ਛੇਤੀ ਪੱਕ ਜਾਂਦੀ ਹੈ, ਜਿਸ ਨਾਲ ਦਾਣਾ ਸੁੰਗੜ ਜਾਂਦਾ ਹੈ। ਇਹਨਾਂ ਹਾਲਤਾਂ ਵਿੱਚ ਦਾਣੇ ਦਾ ਅਕਾਰ ਅਤੇ ਭਾਰ ਘੱਟ ਜਾਂਦਾ ਹੈ ਅਤੇ ਅਖੀਰ ਵਿੱਚ ਝਾੜ ਤੇ ਵੀ ਮਾੜਾ ਅਸਰ ਪੈਂਦਾ ਹੈ।

## ਘੱਟ ਤੋਂ ਘੱਟ ਤਾਪਮਾਨ

ਇਸੇ ਤਰ੍ਹਾਂ ਜੇਕਰ 2013 ਅਤੇ 2022 ਦੇ ਘੱਟ ਤੋਂ ਘੱਟ ਤਾਪਮਾਨ ਦਾ ਵਿਸ਼ਲੇਸ਼ਣ ਕਰੀਏ ਤਾਂ ਫ਼ਸਲ ਦੇ ਕਾਰਜਕਾਲ ਦੌਰਾਨ ਤਾਪਮਾਨ 2009-10 ਦੇ ਤਾਪਮਾਨ ਤੋਂ ਵੀ ਜ਼ਿਆਦਾ ਰਿਹਾ ਹੈ। ਜੇਕਰ ਪੜਾਅ ਦੀ ਗੱਲ ਕਰੀਏ ਤਾਂ 2012-13 ਵਿੱਚ ਫ਼ਸਲ ਬੀਜਣ ਤੋਂ 120-130 ਦਿਨ ਬਾਅਦ ਦਾ ਰਾਤ ਦਾ ਤਾਪਮਾਨ 10.4-16.6 ਅਤੇ 18.0-22.0 ਡਿਗਰੀ ਸੈਂਟੀਗਰੇਡ ਰਿਹਾ ਜੋ ਕਿ ਸਧਾਰਨ ਨਾਲੋਂ 5-6 ਡਿਗਰੀ ਸੈਂਟੀਗਰੇਡ ਵੱਧ ਰਿਹਾ ਜਿਹੜਾ ਕਿ 2009-10 ਵਿੱਚ ਸਧਾਰਨ ਨਾਲੋਂ 1.7-3.8 ਡਿਗਰੀ ਸੈਂਟੀਗਰੇਡ ਵੱਧ ਰਿਹਾ। ਸਮੇਂ ਸਿਰ ਬੀਜੀ ਕਣਕ ਲਈ ਦਸੰਬਰ ਵਿੱਚ ਰਾਤ ਦੇ ਤਾਪਮਾਨ ਦਾ ਘੱਟ ਰਹਿਣਾ ਫ਼ਸਲ ਲਈ ਬਹੁਤ ਅਨੁਕੂਲਿਤ ਮੰਨਿਆ ਜਾਂਦਾ ਹੈ ਪਰ ਜੇਕਰ ਇਹੀ ਤਾਪਮਾਨ ਲਗਾਤਾਰ 10-15 ਦਿਨਾਂ ਤੱਕ ਜ਼ਿਆਦਾ ਰਹੇ ਤਾਂ ਕਣਕ ਬੂਝਾ ਘੱਟ ਮਾਰਦੀ ਹੈ ਅਤੇ ਇਸ ਦਾ ਕਣਕ ਦੇ ਝਾੜ ਤੇ ਮਾੜਾ ਅਸਰ ਪੈਂਦਾ ਹੈ।

ਇਸ ਵਿਸ਼ਲੇਸ਼ਣ ਤੋਂ ਇਹ ਸਾਫ਼ ਹੈ ਕਿ ਜੇਕਰ ਅਸੀਂ ਤਾਪਮਾਨ ਦੇ ਅਸਰ ਨੂੰ ਦੇਖੀਏ ਤਾਂ ਇਹ ਕਹਿ ਸਕਦੇ ਹਾਂ ਕਿ ਸਾਲ 2013 ਅਤੇ 2022 ਵਿੱਚ ਕਣਕ ਦੇ ਝਾੜ ਤੇ ਵੱਧ ਰਹੇ ਦਿਨ ਅਤੇ ਰਾਤ ਦੇ ਤਾਪਮਾਨ ਨੇ ਕਾਫ਼ੀ ਅਸਰ ਪਾਇਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨਾਂ ਦੁਆਰਾ ਇਸ ਵੱਧ ਰਹੇ ਤਾਪਮਾਨ ਦੇ ਕਣਕ ਦੇ ਝਾੜ ਤੇ ਅਸਰ ਨੂੰ ਘੱਟ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਮੌਸਮੀ ਤਬਦੀਲੀਆਂ ਦਾ ਕਣਕ ਦੇ ਝਾੜ ਤੇ ਅਸਰ ਸੰਭਾਵਿਤ ਹੈ ਅਤੇ ਇਹ ਮੌਸਮੀ ਪਰਿਵਰਤਨ ਖੇਤੀਬਾੜੀ ਦੇ ਵਿਕਾਸ ਲਈ ਇੱਕ ਵੱਡਾ ਖ਼ਤਰਾ ਹੈ।

## ਵੱਧ ਤਾਪਮਾਨ ਦੇ ਮਾੜੇ ਅਸਰ ਤੋਂ ਬਚਾਅ

★ ਫਰਵਰੀ ਅਤੇ ਮਾਰਚ ਮਹੀਨੇ ਵਿੱਚ ਵੱਧਦੇ ਹੋਏ ਤਾਪਮਾਨ ਤੋਂ ਬਚਣ ਲਈ ਦਾਣਾ ਭਰਨ ਸਮੇਂ ਹਲਕਾ ਪਾਣੀ ਲਾਉਣ ਨਾਲ ਫ਼ਸਲ ਨੂੰ ਕੁਝ ਹੱਦ ਤੱਕ ਬਚਾਇਆ ਜਾ ਸਕਦਾ ਹੈ।

★ ਜੇਕਰ ਤਾਪਮਾਨ ਲਗਾਤਾਰ 3-5 ਦਿਨਾਂ ਤੱਕ ਸਧਾਰਨ ਨਾਲੋਂ ਵੱਧ ਰਹੇ ਅਤੇ ਨਾਲ ਹੀ ਵੱਧ ਤਾਪਮਾਨ ਦੀ ਭਵਿੱਖਬਾਣੀ ਵੀ ਹੋਵੇ ਤਾਂ ਪਾਣੀ ਦਾ ਛਿੜਕਾਅ ਕਰਕੇ ਵੀ ਵੱਧੇ ਹੋਏ ਤਾਪਮਾਨ ਦੇ ਅਸਰ ਨੂੰ ਘੱਟ ਕੀਤਾ ਜਾ ਸਕਦਾ ਹੈ।

★ ਦੂਜੇ ਪਾਸੇ ਨਵੰਬਰ ਮਹੀਨੇ ਵਿੱਚ ਸਮੇਂ ਸਿਰ ਬੀਜੀ ਕਣਕ ਤੇ ਵੀ ਫਰਵਰੀ ਅਤੇ ਮਾਰਚ ਮਹੀਨਿਆਂ ਦੇ ਵੱਧ ਤਾਪਮਾਨ ਦਾ ਅਸਰ ਘੱਟ ਹੁੰਦਾ ਹੈ ਅਤੇ ਝਾੜ ਵੀ ਠੀਕ ਰਹਿੰਦਾ ਹੈ।

★ ਜੇਕਰ ਕਣਕ ਦੀ ਬਿਜਾਈ ਸਮੇਂ ਝੋਨੇ ਦੀ ਪਰਾਲੀ ਨੂੰ ਮਲਚ ਦੇ ਤੌਰ ਤੇ ਵਰਤਿਆ ਜਾਵੇ ਤਾਂ ਵੀ ਇਹ ਕਾਫ਼ੀ ਹੱਦ ਤੱਕ ਵੱਧਦੇ ਤਾਪਮਾਨ ਨੂੰ ਘਟਾਉਣ ਅਤੇ ਮਿੱਟੀ ਦੀ ਨਮੀਂ ਨੂੰ ਬਰਕਰਾਰ ਰੱਖਣ ਵਿੱਚ ਸਹਾਈ ਸਿੱਧ ਹੁੰਦੀ ਹੈ।

★ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨਾਂ ਦੁਆਰਾ ਕਣਕ ਦੀਆਂ ਉਨ੍ਹਾਂ ਕਿਸਮਾਂ ਦੀ ਖੋਜ ਕੀਤੀ ਜਾ ਰਹੀ ਹੈ ਜੋ ਕਿ ਵੱਧ ਰਹੇ ਤਾਪਮਾਨ ਵਿੱਚ ਵਿਚਰ ਸਕਣ।




Now Think Before Advertising
KHETI DUNIYAN RETAINS
LEADERSHIP
IN
READERSHIP
No.1
RURAL WEEKLY



KHETI DUNIYAN
VOICE OF THE FARMERS
KD COMPLEX, GAUSHALA ROAD, NEAR SHER-E-PUNJAB MARKET, PATIALA-147001 (PB.) INDIA
Mob. 90410-14575
khetiduniyan1983@gmail.com

# ਲਾਇਬ੍ਰੇਰੀਆਂ ਦਾ ਸਮਾਜ ਵਿੱਚ ਅਹਿਮ ਹਿੱਸਾ ਹੈ

ਲਾਇਬ੍ਰੇਰੀ ਇੱਕ ਅਸਥਾਨ ਹੈ ਜਿੱਥੇ ਕਿਤਾਬਾਂ, ਮੈਗਜ਼ੀਨਾਂ ਤੇ ਹੋਰ ਸਮਗਰੀ ਨੂੰ ਸੰਭਾਲ ਕੇ ਰੱਖਿਆ ਜਾਂਦਾ ਹੈ। ਸਾਡੇ ਪਿੰਡ ਝੱਤਰਾ ਵਿਖੇ ਅਸੀਂ ਪੰਚਾਇਤ ਘਰ ਵਿੱਚ ਲਾਇਬ੍ਰੇਰੀ ਬਣਾਈ ਹੈ। ਕਾਫ਼ੀ ਪਾਠਕਾਂ ਲਈ ਕਿਤਾਬਾਂ ਸਾਂਭ ਕੇ ਰੱਖੀਆਂ ਹਨ। ਅੱਜ ਸਰਕਾਰ ਪਿੰਡਾਂ ਵਿੱਚ ਲਾਇਬ੍ਰੇਰੀਆਂ ਸਥਾਪਤ ਕਰ ਰਹੀ ਹੈ। ਪਰ ਸਾਡਾ ਪਿੰਡ ਇਸ ਵਾਸਤੇ ਨਹੀਂ ਚੁਣਿਆ ਗਿਆ ਹੈ। ਸਾਡੇ ਪਿੰਡ ਝੱਤਰੇ ਵਿਖੇ 8 ਤੋਂ 10 ਸਾਹਿਤਕਾਰ ਹਨ। ਉਹਨਾਂ ਦੀਆਂ ਰਚਨਾਵਾਂ ਆਮ ਸਾਰੇ ਅਖਬਾਰਾਂ, ਖੇਤੀ ਰਸਾਲਿਆਂ ਵਿੱਚ ਛੱਪਦੀਆਂ ਰਹਿੰਦੀਆਂ ਹਨ। ਪਿੰਡ ਵਿੱਚ ਲਿਖਾਰੀ ਸਾਹਿਤ ਸਭਾ 10 ਸਾਲ ਤੋਂ ਹੋਂਦ ਵਿੱਚ ਆਈ ਹੈ। ਅਸੀਂ ਹਰ ਮਹੀਨੇ ਦੇ ਦੂਸਰੇ ਐਤਵਾਰ ਮੀਟਿੰਗ ਕਰਦੇ ਰਹਿੰਦੇ ਹਾਂ ਅਤੇ ਬਾਹਰੋਂ 30-35 ਸਾਹਿਤਕਾਰ ਆ ਹਾਜ਼ਰੀ ਲਾਉਂਦੇ ਹਨ। ਅਤੇ ਉੱਥੇ ਹੀ ਲਾਇਬ੍ਰੇਰੀ ਸਥਾਪਤ ਹੈ ਅਤੇ ਪਿੰਡ ਦੇ ਲੋਕ ਕਿਤਾਬਾਂ ਪੜ੍ਹਦੇ ਹਨ। ਉੱਥੇ ਹੀ ਪੜ੍ਹ ਕੇ ਰੱਖ ਜਾਂਦੇ ਹਨ ਅਤੇ ਸਾਡੇ ਪਿੰਡ 30-40 ਪਾਠਕ ਹਨ। ਜੋ ਲਾਇਬ੍ਰੇਰੀ ਤੋਂ ਕਿਤਾਬ ਲੈ ਕੇ ਪੜ੍ਹਦੇ ਹਨ। ਕਿਤਾਬਾਂ ਗਿਆਨ ਦਾ ਮੰਦਰ ਹਨ। ਜਿੱਥੇ ਹਰ ਆਯੂ ਦੇ ਪਾਠਕ ਕਿਤਾਬਾਂ ਪੜ੍ਹ ਕੇ ਗਿਆਨ ਪ੍ਰਾਪਤ ਕਰ ਸਕਦੇ ਹਨ ਅਤੇ ਵਿਦਿਆਰਥੀ ਦੇ ਲਈ ਅਜਿਹੀਆਂ ਲਾਇਬ੍ਰੇਰੀਆਂ ਬਹੁਤ ਲਾਭਦਾਇਕ ਤੇ ਮਹੱਤਵਪੂਰਨ ਅਗਾਂਹ ਲਿਜਾਣ ਵਿੱਚ ਸਹਾਇਤਾ ਕਰ ਸਕਦੀਆਂ ਹਨ ਅਤੇ ਇਹਨਾਂ



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249



ਵਿੱਚੋਂ ਮਿਲੀਆਂ ਸਿੱਖਿਆ ਦੀਆਂ ਗੱਲਾਂ ਬਹੁਤ ਲਾਭਦਾਇਆ ਸਾਬਤ ਹੋ ਰਹੀਆਂ ਹਨ। ਫਿਰ ਕਿਉਂ ਨਾ ਆਪ ਸਾਰੇ ਰਲ ਕੇ ਕਿਤਾਬਾਂ ਨਾਲ ਪਿਆਰ ਕਰੀਏ। ਸਿੱਖਿਆ ਪ੍ਰਾਪਤ ਕਰੀਏ। ਬੱਚਿਆਂ ਨੂੰ ਸਕੂਲੀ ਪਾਠਕ੍ਰਮ ਤੋਂ ਇਲਾਵਾ ਸਿੱਖਿਆਦਾਇਕ ਕਿਤਾਬਾਂ ਜੀਵਨ ਦੇ ਭਵਿੱਖ ਨੂੰ ਸੰਵਾਰਦੀਆਂ ਹਨ। ਅਤੇ ਜੇ ਪਿੰਡਾਂ ਵਿੱਚ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਜਾਣ ਤਾਂ ਲੋਕਾਂ ਦੀ ਪੜ੍ਹਣ ਵਿੱਚ ਰੁੱਚੀ ਪੈਦਾ ਹੁੰਦੀ ਹੈ।

ਬਾਕੀ ਇੱਕ ਦੂਜੇ ਨੂੰ ਮਿਲਣ ਦਾ ਜਨੂੰਨ ਲਾਇਬ੍ਰੇਰੀਆਂ ਪੈਦਾ ਕਰਦੀਆਂ ਹਨ। ਸ਼ਾਂਤ, ਸਬਰ, ਸਹਿਣ-ਸ਼ੀਲਤਾ ਦਾ ਮਾਹੌਲ ਲਾਇਬ੍ਰੇਰੀਆਂ ਪ੍ਰਦਾਨ ਕਰਦੀਆਂ ਹਨ। ਅਤੇ ਉੱਚਿਤ ਅਧਿਐਨ ਹਮੇਸ਼ਾ ਭਵਿੱਖ ਦੀ ਰੂਪ ਰੇਖਾ ਛਾਪਦਾ ਹੈ। ਅਤੇ ਪੱਧਰੇ ਰਸਤੇ ਖੋਲ੍ਹਦਾ ਹੈ। ਖੇਤੀਬਾੜੀ ਸੰਬੰਧੀ ਜਾਣਕਾਰੀਆਂ ਜੜੀਆਂ ਲਾਇਬ੍ਰੇਰੀਆਂ ਬਹੁੱਤ ਅਹਿਮ ਤੇ ਮਹੱਤਵਪੂਰਨ ਹਿੱਸਾ ਅਦਾ ਕਰਦੀਆਂ ਹਨ। ਅੱਜ ਕਲ੍ਹ ਦੀਆਂ ਆਧੁਨਿਕ ਲਾਇਬ੍ਰੇਰੀਆਂ ਵਿੱਚ ਕੰਪਿਊਟਰ ਇੰਟਰਨੈੱਟ ਅਤੇ ਡਿਜੀਟਲ ਸਹੂਲਤਾਂ ਵੀ ਉਪਲਬਧ ਹਨ। ਇਹਨਾਂ ਤੋਂ ਇਲਾਵਾ ਲਾਇਬ੍ਰੇਰੀਆਂ ਵਿੱਚ ਰਸਾਲੇ ਰੋਜ਼ਾਨਾ ਦੇ ਅਖਬਾਰ ਪਾਠਕ ਨੂੰ ਰੋਜ਼ ਦੀ ਜਾਣਕਾਰੀ ਪ੍ਰਦਾਨ ਹੁੰਦੀ ਹੈ। ਕਿਉਕਿ ਪੂਰੀ ਖ਼ਬਰ ਦੀ ਵਰਨਣਤਾ ਅਖ਼ਬਾਰ ਵਿੱਚੋਂ ਹੀ ਮਿਲਦੀ ਹੈ।

ਇਸ ਲਈ ਸਾਨੂੰ ਚਾਹੀਦਾ ਹੈ ਕਿ ਹਰ ਪਿੰਡ ਵਿੱਚ ਲਾਇਬ੍ਰੇਰੀ ਸਥਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਡੇ ਪਿੰਡ ਸਾਹਿਤਕਾਰਾਂ ਦੀ ਗਿਣਤੀ ਕਾਫ਼ੀ ਹੈ। ਸਰਕਾਰ ਸਾਨੂੰ ਗਰਾਂਟ ਦੇਵੇ ਤੇ ਅਸੀਂ ਲਾਇਬ੍ਰੇਰੀ ਦੀ ਵੱਖਰੀ ਇਮਾਰਤ ਬਣਾ ਕੇ ਸਾਹਿਤ ਦੀ ਗਿਣਤੀ ਵਿੱਚ ਵਾਧਾ ਕਰੀਏ। ਸਰਕਾਰ ਕੋਲ ਪੁਰਜ਼ੋਰ ਅਪੀਲ ਹੈ। ਮਾਨ ਸਾਹਿਬ ਆਪ ਕਲਾਕਾਰ ਹਨ।

## ਕਵਿਤਾ ਰੁੱਖ ਤੇ ਬਾਬੇ



ਰੁੱਖ ਲਾ ਬਾਬੇ ਉਮਰ ਵਿਧਾਉਂਦੇ।
ਆਪਣੀ ਹੱਥੀ ਪਾਣੀ ਪਾਉਂਦੇ।
ਖੂਹ ਤੇ ਰੁੱਖ ਲਾਉਣ ਬਾਬੇ।
ਵਾੜ ਕਰ ਰਾਖੀ ਕਰਦੇ ਬਾਬੇ।
ਟੋਭੇ ਉੱਪਰ ਬੋਹੜ ਸੀ ਬੋਇਆ।
ਕਰੀ ਸੰਭਾਲ ਤੇ ਵੱਡਾ ਹੋਇਆ।
ਖਾਲੀ ਪੁੱਟੀ ਸੀ ਚਾਰ ਚੁਫੇਰੇ।
ਪਾਣੀ ਛਡਿਆ 'ਵਾ' ਬਾਬੇ ਮੇਰੇ।
ਪੰਛੀ ਉੱਤੇ ਕਰਨ ਟਿਕਾਣਾ।
ਇੱਕਠਾ ਕੀਤਾ ਆਪਣਾ ਲਾਣਾ।
ਪੰਖੇਰੂ ਪੰਛੀ ਮੌਜਾਂ ਲੱਗੀਆਂ।
ਬਾਬੇ ਦੇ ਗੁਣ ਗਾਵਣ ਮੱਝੀਆਂ।
ਰੁੱਖਾਂ ਹੇਠਾਂ ਬੱਝੀਆਂ ਮੱਝੀਆਂ।
ਲੈਣ ਨਜ਼ਾਰੇ ਬੈਠ ਮੱਝੀਆਂ।
ਰੁੱਖ ਤੇ ਬਾਬੇ ਮੁੱਢੋਂ ਹਾਂਣੀ।
ਜਗਜੀਤ ਸਵੇਰੇ ਪਾਵੇ ਪਾਣੀ।

ਜਗਜੀਤ ਸਿੰਘ ਝੱਤਰਾ (ਮੋ. 78144-90249)

### ਸਰਦੀਆਂ ਦਾ ਉਪਹਾਰ

# ਰਜ਼ਾਈ ਅਤੇ ਤਲਾਈ ਦਾ ਇਤਿਹਾਸ

**ਸਰਦੀਆਂ ਵਿੱਚ ਸੌਂਦੇ ਸਮੇਂ ਰਜ਼ਾਈ ਅਤੇ ਤਲਾਈ ਦਾ ਬਾਦਸ਼ਾਹੀ ਸੁੱਖ ਸੁੱਖਦ ਜੀਵਨ ਦੀ ਪਰਿਭਾਸ਼ਾ ਦੱਸਦਾ ਹੈ। ਸਰਦੀਆਂ ਵਿੱਚ ਉੱਪਰ ਲੈਣ ਵਾਲਾ ਦੋਹਰਾ ਕਪੜਾ ਜਿਸ ਵਿੱਚ ਰੂੰਅ ਭਰੀ ਹੁੰਦੀ ਹੈ ਰਜ਼ਾਈ ਅਖਵਾਉਂਦਾ ਹੈ।**



ਬਲਵਿੰਦਰ 'ਬਾਲਮ',
ਉਂਕਾਰ ਨਗਰ, ਗੁਰਦਾਸਪੁਰ
ਮੋ. 98156-25409

ਸਰਦੀਆਂ ਵਿੱਚ ਰਜ਼ਾਈ ਅਤੇ ਤਲਾਈ ਦੇ ਨਿੱਘ ਦਾ ਆਪਣਾ ਹੀ ਆਨੰਦ ਹੁੰਦਾ ਹੈ। ਗਰੀਬ ਹੋਵੇ ਜਾਂ ਅਮੀਰ ਹੋਵੇ ਦੋਵਾਂ ਨੂੰ ਹੀ ਰਜ਼ਾਈ ਅਤੇ ਤਲਾਈ ਦੀ ਜ਼ਰੂਰਤ ਹੁੰਦੀ ਹੈ। ਚੰਗੀ ਨੀਂਦ ਤੰਦਰੁਸਤੀ ਦਿੰਦੀ ਹੈ ਅਤੇ ਸਰਦੀਆਂ ਵਿੱਚ ਚੰਗੀ ਨੀਂਦ ਲੈਣ ਲਈ ਰਜ਼ਾਈ ਤੇ ਤਲਾਈ ਦਾ ਨਿੱਘ ਲੈਣਾ ਅਤਿ ਜ਼ਰੂਰੀ ਹੁੰਦਾ ਹੈ। ਸਰਦੀਆਂ ਵਿੱਚ ਲਿਹਾਫ਼ ਜਾਂ ਰਜ਼ਾਈ ਲੈਣਾ ਜ਼ਰੂਰੀ ਹੈ।

ਸਰਦੀਆਂ ਵਿੱਚ ਸੌਂਦੇ ਸਮੇਂ ਰਜ਼ਾਈ ਅਤੇ ਤਲਾਈ ਦਾ ਬਾਦਸ਼ਾਹੀ ਸੁੱਖ ਸੁੱਖਦ ਜੀਵਨ ਦੀ ਪਰਿਭਾਸ਼ਾ ਦੱਸਦਾ ਹੈ। ਸਰਦੀਆਂ ਵਿੱਚ ਉੱਪਰ ਲੈਣ ਵਾਲਾ ਦੋਹਰਾ ਕਪੜਾ ਜਿਸ ਵਿੱਚ ਰੂੰਅ ਭਰੀ ਹੁੰਦੀ ਹੈ ਰਜ਼ਾਈ ਅਖਵਾਉਂਦਾ ਹੈ।

ਰਜ਼ਾਈ ਦੀ ਆਵਾਜ਼ ਵਰਗੇ ਕਈ ਸ਼ਬਦ ਹੋਂਦ ਵਿੱਚ ਹਨ ਜਿਸ ਤਰ੍ਹਾਂ ਮਿਰਜਈ। ਮਿਰਜਈ ਪੁਰਾਣੇ ਸਮੇਂ ਦੀ ਦੇਣ ਹੈ। ਇੱਕ ਕਿਸਮ ਦੀ ਕਮੀਜ਼ ਜਿਸ ਵਿੱਚ ਰੂੰਅ ਭਰਿਆ ਹੁੰਦਾ ਸੀ। ਇਸ ਦਾ ਰਿਵਾਜ਼ ਖ਼ਤਮ ਹੋ ਚੱਕਿਆ ਹੈ ਪਰ ਲਖਨਊ, ਭੋਪਾਲ, ਜੈਪੁਰ, ਵਾਰਾਣਸੀ ਆਦਿ ਸ਼ਹਿਰਾਂ ਵਿੱਚ ਮਿਰਜਈ ਕਮੀਜ਼ ਪੁਰਾਣੇ ਲੋਕ ਪਾਉਂਦੇ ਹਨ।

ਸੰਸਕ੍ਰਿਤ ਦਾ ਇੱਕ ਸ਼ਬਦ ਹੈ ਰੰਜਿਕਾ ਜਿਸ ਦਾ ਅਰਥ ਹੈ ਕੱਪੜਾ। ਇਸ ਸ਼ਬਦ ਤੋਂ ਹੀ ਰਜ਼ਾਈ ਦੀ ਹੋਂਦ ਬਣੀ। ਫ਼ਾਰਸੀ ਵਿੱਚ ਰਜ਼ਾਈ ਦਾ ਅਰਥ ਹੈ ਸਰਦੀਆਂ ਵਿੱਚ ਸਿਰ ਕੱਜਣ ਵਾਲਾ ਕੱਪੜਾ। ਰਾਜਦਾਨ ਤੋਂ ਰਜ਼ਾਈ ਸ਼ਬਦ ਬਣਿਆ। ਰਾਜ਼ੀ ਅਤੇ ਰਜ਼ਾ ਅਰਬੀ ਭਾਸ਼ਾ ਦੇ ਸ਼ਬਦ ਹਨ ਜਿਸ ਦੇ ਅਰਥ ਹਨ - ਮੰਨਣਾ, ਸਵੀਕਾਰ, ਅਧਿਕਾਰ ਵਿੱਚ ਰਹਿਣਾ। ਰਜ਼ਾ ਸ਼ਬਦ ਤੋਂ ਵੀ ਰਜ਼ਾਈ ਦੀ ਹੋਂਦ ਬਣਦੀ ਨਜ਼ਰ ਆਉਂਦੀ ਹੈ।



ਪੁਰਾਣੇ ਸਮੇਂ ਵਿੱਚ ਰਜ਼ਾਈ ਨੁਮਾ ਕੱਪੜੇ ਵੀ ਪ੍ਰਚਲਿਤ ਸਨ। ਆਦਮੀ ਦੇ ਵਿਕਸਤ ਹੋਣ ਨਾਲ ਰਜ਼ਾਈ ਦੇ ਰੂਪ ਬਦਲਦੇ ਗਏ। ਅੰਗਰੇਜ਼ਾਂ ਨੇ ਵੀ ਰਜ਼ਾਈ ਨਾਲ ਖ਼ੂਬ ਆਨੰਦ ਲਿਆ ਜਦ ਤੱਕ ਭਾਰਤ ਰਹੇ। ਦੇਸ਼ਾਂ ਵਿਦੇਸ਼ਾਂ ਦੇ ਲੋਕਾਂ ਤੱਕ ਰਜ਼ਾਈ ਨੇ ਆਪਣੀ ਪਹਿਚਾਣ ਛੱਡੀ।

ਇਸੇ ਤਰ੍ਹਾਂ ਹੀ ਤਲਾਈ ਸ਼ਬਦ ਤਲਾਂ ਤੋਂ ਬਣਿਆ ਜਿਸ ਦਾ ਅਰਥ ਹੈ ਹੇਠਲਾ ਹਿੱਸਾ, ਪੈਂਦੀ, ਆਖ਼ਰੀ ਹਿੱਸਾ, ਪਾਤਾਲ ਆਦਿ ਹੇਠਾਂ ਵਿਛਾਉਣ ਵਾਲੀ ਵਸਤੂ। ਤਲਾ ਸ਼ਬਦ ਤੋਂ ਤਲਾਈ ਹੋਂਦ ਵਿੱਚ ਆਈ। ਰਜ਼ਾਈ ਅਤੇ ਤਲਾਈ ਦਾ ਬਹੁਤ ਗਹਿਰਾ ਸੰਬੰਧ ਹੈ। ਨਿਰੀ ਰਜ਼ਾਈ ਜਾਂ ਨਿਰੀ ਤਲਾਈ ਦੀ ਕੋਈ ਵੁੱਕਤ ਨਹੀਂ ਹੈ।

ਰਜ਼ਾਈ ਦੀਆਂ ਕਈ ਕਿਸਮਾਂ ਹੋਂਦ ਵਿੱਚ ਆ ਚੁੱਕੀਆਂ ਹਨ। ਪੁਰਾਣੇ ਸਮਿਆਂ ਵਿੱਚ ਹੱਥ ਦੀ ਬਣੀ ਹੋਈ ਭਾਰੀ ਰਜ਼ਾਈ ਹੁੰਦੀ ਸੀ ਜਿਸ ਵਿੱਚ ਕਪਾਹ ਦਾ ਰੂੰਅ ਪੈਂਦਾ ਸੀ। ਇਸੇ ਤਰ੍ਹਾਂ ਹੀ ਤਲਾਈ ਵਿੱਚ ਰੂੰਅ ਥੋੜ੍ਹਾ ਘੱਟ ਪੈਂਦਾ ਸੀ। ਮੰਜੀ ਅਤੇ ਕੱਦ ਦੇ ਹਿਸਾਬ ਨਾਲ ਰਜ਼ਾਈ ਦੀ ਲੰਬਾਈ ਚੌੜਾਈ ਨਿਸ਼ਚਿਤ ਕਰ ਲਈ ਜਾਂਦੀ ਸੀ।

ਅੱਜ ਕਲ ਰਜ਼ਾਈਆਂ ਅਨੇਕਾਂ ਡਿਜ਼ਾਇਨਾਂ ਵਿੱਚ ਆ ਚੁੱਕੀਆਂ ਹਨ। ਪਹਿਲਾਂ ਤਾਂ ਕੇਵਲ ਖੱਦਰ ਦੀਆਂ ਹੀ ਰਜ਼ਾਈਆਂ ਚੱਲਦੀਆਂ ਸਨ ਪਰ ਹੌਲੀ-ਹੌਲੀ ਕੱਪੜੇ ਦੀਆਂ ਅਨੇਕਾਂ ਕਿਸਮਾਂ ਆਉਣ ਨਾਲ ਭੂ-ਮੰਡਲੀਕਰਣ ਅਤੇ ਨਵ-ਉਦਾਰਵਾਦਿਤਾ ਦੇ ਯੁੱਗ ਵਿੱਚ ਮਸ਼ੀਨਰੀ ਅਤੇ ਕੰਪਿਊਟਰ ਦੀ ਆਧੁਨਿਕ ਤਕਨੀਕ ਨੇ ਗਿਲਾਫ਼ (ਰਜ਼ਾਈ ਦਾ ਕੱਪੜਾ) ਨੂੰ ਖੱਦਰ ਦੇ ਅਧਿਕਾਰ ਵਿੱਚੋਂ ਬਾਹਰ ਕੱਢ ਕੇ ਆਧੁਨਿਕ ਆਕਰਸ਼ਕ ਸੁੰਦਰ ਸ਼ੈਲੀ ਵਾਲੇ ਰੰਗਦਾਰ ਕੱਪੜਿਆਂ (ਗਿਲਾਫ਼) ਵਿੱਚ ਲਿਆ ਖੜ੍ਹਾ ਕੀਤਾ।

ਪਹਿਲਾਂ ਤਲਾਈ ਧਾਰੀਦਾਰ ਕੱਪੜੇ ਵਿੱਚ ਪ੍ਰਚਲਿਤ ਸੀ ਪਰ ਹੁਣ ਆਧੁਨਿਕ ਡਿਜ਼ਾਈਨਦਾਰ ਕੱਪੜੇ ਨੇ ਜਗ੍ਹਾ ਲੈ ਲਈ ਹੈ।

ਕਿਸੇ ਸਮੇਂ ਵਾਧੂ ਘਾਟੂ ਰੂੰਅ ਜਾਂ ਕੰਬਲਾਂ ਦੇ ਬੇਕਾਰ ਧਾਗੇ, ਫੈਕਟਰੀਆਂ ਦੇ ਬੇਕਾਰ ਕੱਪੜੇ ਦੀਆਂ ਲੀਹਾਂ ਜਾਂ ਕਤਾਰਾਂ ਨਾਲ ਵੀ ਰਜ਼ਾਈਆਂ ਭਰੀਆਂ ਜਾਂਦੀਆਂ ਸਨ ਪਰ ਹੁਣ ਇਹ ਸ਼ੈਲੀ ਬਹੁਤ ਘੱਟ ਚੁੱਕੀ ਹੈ।

ਵੇਖਣ ਵਿੱਚ ਆਇਆ ਹੈ ਕਿ ਕਪਾਹ ਦੇ ਰੂੰਅ ਦਾ ਰਿਵਾਜ਼ ਵੀ ਘਟਦਾ ਜਾ ਰਿਹਾ ਹੈ। ਰੂੰਅ ਦੀ ਜਗ੍ਹਾ 'ਤੇ ਅੱਜ ਕੱਲ ਫਾਈਬਰ ਵਾਲਾ ਰੂੰਅ ਹੀ ਜ਼ਿਆਦਾ ਰਜ਼ਾਈ-ਤਲਾਈ ਵਿੱਚ ਭਰਿਆ ਜਾਂਦਾ ਹੈ। ਫਾਈਬਰ, ਕਪਾਹ ਨਾਲੋਂ ਸਸਤਾ ਪੈਂਦਾ ਹੈ ਕਿਉਂ ਰੂੰਅ ਨਾਲੋਂ ਫਾਈਬਰ ਬਹੁਤ ਹਲਕਾ ਅਤੇ ਘੱਟ ਭਾਰ ਵਾਲਾ ਹੁੰਦਾ ਹੈ ਅਤੇ ਕਪਾਹੀ ਰੂੰਅ ਨਾਲੋਂ ਨਿੱਘ ਜ਼ਿਆਦਾ ਦਿੰਦਾ ਹੈ।

ਰਜ਼ਾਈ ਦਾ ਕੱਪੜਾ ਵੀ ਅੱਜ ਕੱਲ ਕਈ ਕਿਸਮਾਂ ਵਿੱਚ ਆਉਣ ਲੱਗ ਪਿਆ ਹੈ। ਮਸ਼ੀਨੀ ਵਧੀਆ ਕਾਟਨ, ਵੈਲਵੇਟ, ਬੈਡ ਸ਼ੀਟ ਕੱਪੜਾ, ਸਿਲਕੀ ਕੱਪੜਾ, ਸਗਲੇਸ ਕਾਟਨ, ਪੋਲੀ ਐਸਟਰ ਆਦਿ ਕਿਸਮ ਦਾ ਕੱਪੜਾ ਰਜ਼ਾਈ-ਤਲਾਈ ਲਈ ਵਰਤਿਆ ਜਾਂਦਾ ਹੈ। ਪਹਿਲਾਂ ਰਜ਼ਾਈ ਦਾ ਹੇਠਲਾ ਹਿੱਸਾ ਇੱਕ ਰੰਗਾ ਹੀ ਹੁੰਦਾ ਸੀ ਅੱਜ ਕੱਲ ਦੋਵੇਂ ਪਾਸੇ ਇੱਕੋ ਕੱਪੜੇ ਦੇ ਹੁੰਦੇ ਹਨ। ਤਲਾਈ ਲਈ ਚੈਕ ਕੱਪੜਾ, ਵਧੀਆ ਕਾਟਨ, ਮਿਕਸ ਕੱਪੜਾ, ਵਾਲਪੇਪਰ ਆਦਿ ਡਿਜ਼ਾਇਨ ਵਾਲਾ ਕੱਪੜਾ ਵਰਤਿਆ ਜਾਂਦਾ ਹੈ।

ਅੱਜਕੱਲ ਰੂੰਅ 130 ਰੁਪਏ ਕਿਲੋ ਮਿਲਦਾ ਹੈ। ਇੱਕ ਰਜ਼ਾਈ ਵਿੱਚ 4 ਤੋਂ 5 ਕਿਲੋ ਰੂੰਅ ਪੈ ਜਾਂਦਾ ਹੈ ਜਦਕਿ ਫਾਈਬਰ ਰੂੰਅ 190 ਤੋਂ 220 ਰੁਪਏ ਕਿਲੋ ਹੈ ਇਹ ਇੱਕ ਰਜ਼ਾਈ ਵਿੱਚ 2 ਕਿਲੋ ਹੀ ਪੈਂਦਾ ਹੈ। ਸਿੰਗਲ ਰਜ਼ਾਈ 500 ਤੋਂ ਲੈ ਕੇ 1400 ਰੁਪਏ ਤੱਕ ਵਿਕ ਜਾਂਦੀ ਹੈ। ਜਦਕਿ ਡਬਲ ਰਜ਼ਾਈ 1400 ਤੋਂ ਲੈ ਕੇ 3000 ਰੁਪਏ ਤੱਕ ਵਿਕਦੀ ਹੈ। ਰਜ਼ਾਈ ਦੇ ਪ੍ਰਚਲਿਤ ਸਾਈਜ ਹਨ- 1 ਮੀਟਰ × 2 ਮੀਟਰ, ਸਵਾ 2 ਮੀਟਰ ਤੇ 2½ ਮੀਟਰ, ਵੱਡਾ ਸਾਈਜ਼ 2½ ਤੋਂ 3 ਮੀਟਰ ਆਦਿ ਤੱਕ ਹਨ।

ਜੈਪੁਰੀ ਅਤੇ ਨਾਗਾਲੈਂਡ, ਕੋਰੀਆ, ਦੀਮਾਪੁਰ, ਬਰਮਾ ਆਦਿ ਦੀਆਂ ਰਜ਼ਾਈ ਰੰਗਾਂ ਭਰਪੂਰ, ਭਰਪੂਰ ਆਕਰਸ਼ਣ ਅਤੇ ਦਿਲਕਸ਼ ਡਿਜ਼ਾਇਨਾਂ ਵਿੱਚ ਆਉਂਦੀਆਂ ਹਨ। ਇਹ ਰਜ਼ਾਈਆਂ ਹਲਕੀਆਂ ਅਤੇ ਖ਼ੂਬਸੂਰਤੀ ਵਿੱਚ ਹੁੰਦੀਆਂ ਹਨ। ਜੈਪੁਰੀ ਰਜ਼ਾਈ ਪਤਲੀ ਅਤੇ ਦੇਸੀ ਕਪਾਹ ਦੀ ਬਣੀ ਹੁੰਦੀ ਹੈ। ਇਹ ਰਜ਼ਾਈ ਸਿਤੰਬਰ ਤੋਂ ਜਨਵਰੀ ਮਹੀਨੇ ਤੱਕ ਹੀ ਲਈਆਂ ਜਾਂਦੀਆਂ ਹਨ। ਜਿਸ ਨੂੰ ਫਰਜ਼ੀ ਰਜ਼ਾਈ ਵੀ ਕਹਿੰਦੇ ਹਨ। ਇਸ ਰਜ਼ਾਈ ਵਿੱਚ ਕੇਵਲ 1 ਕਿਲੋ ਹੀ ਰੂੰਅ ਹੁੰਦਾ ਹੈ। ਸਫ਼ਰ ਵਿੱਚ ਇਹ ਰਜ਼ਾਈ ਕਾਮਯਾਬ ਹੈ।

ਤਲਾਈ 3 ਫੁੱਟ × 6 ਫੁੱਟ ਅਤੇ 4 ਫੁੱਟ × 6 ਫੁੱਟ ਤੱਕ ਹੁੰਦੀ ਹੈ। ਪਹਾੜੀ ਜਾਂ ਗਲੇਸ਼ੀਅਰ ਇਲਾਕੇ ਵਿੱਚ ਫੌਜੀ ਜਾਂ ਲੋਕ ਬੋਰਾਨੁਮਾ ਰਜ਼ਾਈ ਲੈਂਦੇ ਹਨ। ਬੋਰੇ ਵਾਂਗ ਰਜ਼ਾਈ ਬਣਾ ਕੇ ਉਸ ਦੇ ਮੂੰਹ ਉਪਰ ਜਿਪ ਆਦਿ ਲਗਾ ਦਿੰਦੇ ਹਨ। ਇਸ ਰਜ਼ਾਈ ਵਿੱਚ ਅੰਦਰ ਵੜਣਾ ਪੈਂਦਾ ਹੈ। ਇਹ ਰਜ਼ਾਈ ਭਾਰੀ ਅਤੇ ਵਿਸ਼ੇਸ਼ ਕਿਸਮ ਦੀ ਹੁੰਦੀ ਹੈ।

ਆਮ ਰਜ਼ਾਈ, ਤਲਾਈ ਨੂੰ ਭਰਨ ਲਈ ਪਹਿਲਾਂ ਰੂੰਅ ਪਿੰਜਿਆ ਜਾਂਦਾ ਹੈ। ਇਸ ਨੂੰ ਪਿੰਜਾਈ ਕਹਿੰਦੇ ਹਨ। ਫਿਰ ਭਰਾਈ ਅਤੇ ਬਾਅਦ ਵਿੱਚ ਕਾਰੀਗਰ ਲੱਗਦੇ ਹਨ, ਕੰਧੂਈ ਤੇ ਧਾਗਿਆਂ ਨਾਲ। ਕੰਧੂਈ ਨਾਲ ਕਾਰੀਗਰ ਡਿਜ਼ਾਇਨ ਵੀ ਪਾਉਂਦੇ ਹਨ ਜਿਸ ਨੂੰ ਪੰਜਾਬੀ ਵਿੱਚ ਗੱਡੇ ਪਾਉਣਾ ਕਹਿੰਦੇ ਹਨ। ਅੱਜ ਕੱਲ ਭਾਰਤੀ ਰਜ਼ਾਈਆਂ ਵਿਦੇਸ਼ਾਂ ਵਿੱਚ ਖ਼ੂਬ ਵਿਕਦੀਆਂ ਹਨ। ਹਰ ਸਾਲ ਕਰੋੜਾਂ ਰੁਪਏ ਦਾ ਧੰਦਾ ਹੁੰਦਾ ਹੈ।

ਵੇਖਿਆ ਜਾਵੇ ਤਾਂ ਰਜ਼ਾਈ ਤੇ ਤਲਾਈ ਤੋਂ ਬਗੈਰ ਸਰਦੀਆਂ ਕੱਟਣਾ ਮਨੁੱਖ ਲਈ ਅਤਿ ਮੁਸ਼ਕਿਲ ਹੈ। ਭਾਵੇਂ ਆਧੁਨਿਕ ਤਕਨੀਕਾਂ ਹੋਂਦ ਵਿੱਚ ਪਈਆਂ ਹਨ ਪਰ ਰਜ਼ਾਈ, ਰਜ਼ਾਈ ਹੀ ਹੈ ਤੇ ਤਲਾਈ, ਤਲਾਈ ਹੀ ਹੈ।



# ਸਰਫੇਸ ਸੀਡਿੰਗ ਅਤੇ ਮਲਚਿੰਗ

## ਪਰਾਲੀ ਦੀ ਸੰਭਾਲ ਅਤੇ ਕਣਕ ਦੀ ਬਿਜਾਈ ਲਈ ਕਿਫਾਇਤੀ ਤਕਨੀਕ

ਪ੍ਰਭਜੀਤ ਕੌਰ, ਜਸਵੀਰ ਸਿੰਘ ਗਿੱਲ ਅਤੇ ਹਰਵਿੰਦਰ ਸਿੰਘ ਬੁੱਟਰ,
ਕ੍ਰਿਸ਼ੀ ਵਿਗਿਆਨ ਕੇਂਦਰ, ਜਲੰਧਰ (ਨੂਰਮਹਿਲ) (ਮੋ. 62844-48445)

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਾਲ 2023 ਵਿੱਚ ਪਰਾਲੀ ਸਾਂਭਣ ਅਤੇ ਕਣਕ ਬੀਜਣ ਲਈ ਇੱਕ ਨਵੀਂ ਤਕਨੀਕ 'ਸਰਫੇਸ ਸੀਡਿੰਗ ਕਮ ਮਲਚਿੰਗ' ਦੀ ਸਿਫਾਰਿਸ਼ ਕੀਤੀ ਗਈ ਹੈ। ਇਹ ਬਿਨਾਂ ਪਰਾਲੀ ਸਾੜੇ ਕਣਕ ਬੀਜਣ ਦੀ ਵਾਤਾਵਰਨ ਪੱਖੀ, ਸਸਤੀ ਅਤੇ ਸੌਖੀ ਤਕਨੀਕ ਹੈ। ਇਸ ਲਈ ਜ਼ਿਆਦਾ ਵੱਡੀਆਂ ਮਸ਼ੀਨਾਂ ਦੀ ਲੋੜ ਨਹੀਂ ਪੈਂਦੀ। ਇਸ ਤਕਨੀਕ ਵਿੱਚ ਜ਼ਮੀਨ ਸੰਪੂਰਨ ਤੌਰ 'ਤੇ ਵਾਹੀ ਮੁਕਤ ਅਤੇ ਪੂਰੇ ਖੇਤ ਵਿੱਚ ਪਰਾਲੀ ਪਈ ਹੋਣ ਕਰਕੇ ਨਦੀਨ ਵੀ ਘੱਟ ਉੱਗਦੇ ਹਨ। ਇਸ ਤਕਨੀਕ ਵਿੱਚ ਕੰਬਾਈਨ ਨਾਲ ਝੋਨਾ ਵੱਢਣ ਤੋਂ ਬਾਅਦ ਕਣਕ ਦੇ ਸੁਧਰੇ ਹੋਏ ਬੀਜ ਅਤੇ ਮੁੱਢਲੀ ਖਾਦ ਦਾ ਇਕਸਾਰ ਛੱਟਾ ਦੇ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਖੜ੍ਹੇ ਮੁੱਢਾਂ ਕਰਚਿਆਂ ਨੂੰ ਕੱਟਣ ਲਈ ਇੱਕ ਵਾਰ 4-5 ਇੰਚ ਉੱਚਾ ਰੱਖ ਕੇ ਕਟਰ-ਕਮ-ਸਪਰੈਡਰ ਚਲਾ ਦਿੱਤਾ ਜਾਂਦਾ ਹੈ ਅਤੇ ਬਾਅਦ ਵਿੱਚ ਪਾਣੀ ਲਾ ਦਿੱਤਾ ਜਾਂਦਾ ਹੈ। ਹੱਥੀ ਛਿੱਟਾ ਦੇਣ ਦੇ ਬਦਲ ਵਜੋਂ ਬਿਜਾਈ ਦੇ ਤਕਰੀਬਨ 4-5 ਦਿਨਾਂ ਬਾਅਦ ਕਣਕ ਦਾ ਪੁੰਗਾਰਾ ਪਰਾਲੀ ਵਿੱਚੋਂ ਬਾਹਰ ਦਿਸਣਾ ਸ਼ੁਰੂ ਹੋ ਜਾਂਦਾ ਹੈ। ਬਿਜਾਈ ਲਈ 45 ਕਿਲੋ ਸੋਧਿਆ ਹੋਇਆ ਬੀਜ ਅਤੇ 65 ਕਿਲੋ ਡੀ. ਏ. ਪੀ. ਖਾਦ ਪ੍ਰਤੀ ਏਕੜ ਸਿਫਾਰਿਸ਼ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਕੰਬਾਈਨ ਹਾਰਵੈਸਟਰ ਦੇ ਉੱਪਰ ਵੀ ਇੱਕ ਸੀਡਿੰਗ ਅਟੈਚਮੈਂਟ ਦੀ ਸਿਫਾਰਿਸ਼ ਕੀਤੀ ਗਈ ਹੈ, ਜੋ ਕਿ ਝੋਨੇ ਦੀ ਵਾਢੀ ਦੇ ਨਾਲੋ-ਨਾਲ ਬੀਜ ਅਤੇ ਖਾਦ ਇਕਸਾਰ ਕੇਰ ਦਿੰਦੀ ਹੈ। ਇਸ ਮਸ਼ੀਨ ਨੂੰ ਯੂਨੀਵਰਸਿਟੀਆਂ ਵੱਲੋਂ ਪ੍ਰਚੱਲਿਤ ਕੀਤਾ ਜਾ ਰਿਹਾ ਹੈ।

### ਸਰਫੇਸ ਸੀਡਰ ਮਸ਼ੀਨ

ਇਹ ਮਸ਼ੀਨ ਬੀਜ-ਖਾਦ ਡਰਿੱਲ ਅਤੇ 3 ਬਲੇਡਾਂ ਵਾਲੇ ਪਰਾਲੀ ਕਟਰ ਦਾ ਸੁਮੇਲ ਹੈ। ਮਸ਼ੀਨ ਦੀ ਖਰੀਦ/ਚੋਣ ਵੇਲੇ ਇਹ ਵੀ ਧਿਆਨ ਦੇਣ ਦੀ ਲੋੜ ਹੈ ਕਿ ਬਲੇਡਾਂ ਦੇ ਸਿਰੇ ਅਤੇ ਖਾਦ/ਦਾਣਿਆਂ ਵਾਲੀਆਂ ਪਾਈਪਾਂ ਵਿਚਕਾਰ 8-10 ਇੰਚ ਦਾ ਫਾਸਲਾ ਬਹੁਤ ਜ਼ਰੂਰੀ ਹੈ ਤਾਂ ਜੋ ਬਲੇਡਾਂ ਦੇ ਘੁੰਮਣ ਨਾਲ, ਹਵਾ ਦੇ ਪ੍ਰੈਸ਼ਰ ਕਰਕੇ ਬੀਜ ਇਕੱਠੇ ਹੋਣ ਦੀ ਸਮੱਸਿਆ ਨਾ ਆਵੇ। ਡਰਿੱਲ ਵਾਲਾ ਹਿੱਸਾ ਕਣਕ, ਖਾਦ ਨੂੰ ਪਰਾਲੀ ਵਾਲੇ ਖੇਤਾਂ ਵਿੱਚ ਮਿੱਟੀ ਦੇ ਉੱਪਰ ਕੇਰ ਦਿੰਦਾ ਹੈ ਅਤੇ ਕਟਰ ਕਮ ਸਪਰੈਡਰ ਪਰਾਲੀ ਕੱਟ ਕੇ ਬੀਜ ਨੂੰ ਢੱਕ ਦਿੰਦਾ ਹੈ। ਕਣਕ ਦੇ ਬੀਜ ਅਤੇ ਖਾਦ ਨੂੰ ਇਕਸਾਰ ਅਤੇ ਸਹੀ ਮਾਤਰਾ ਵਿੱਚ ਪਾਉਣ ਲਈ, ਬਿਜਾਈ ਸਮੇਂ ਸਰਫੇਸ ਸੀਡਰ ਮਸ਼ੀਨ ਨੂੰ ਜ਼ਮੀਨ ਤੋਂ 4 ਤੋਂ 5 ਇੰਚ ਉੱਚਾ ਰੱਖ ਕੇ ਸਹੀ ਰਫਤਾਰ (ਟਰੈਕਟਰ ਦੀ) ਅਤੇ ਰੀਪਰ ਨੂੰ ਸਹੀ ਚੱਕਰਾਂ 'ਤੇ ਚਲਾਉਣਾ ਅਤਿ ਜ਼ਰੂਰੀ ਹੈ। ਪੀ. ਏ. ਯੂ. ਸਰਫੇਸ ਸੀਡਰ ਮਸ਼ੀਨ ਦੀ ਵਿਸ਼ੇਸ਼ਤਾ ਹੈ ਕਿ ਇਸ ਮਸ਼ੀਨ ਨਾਲ ਬੀਜੀ ਕਣਕ ਦੀਆਂ ਜੜ੍ਹਾਂ ਵੀ ਰਵਾਇਤੀ ਢੰਗ (ਵਾਹੇ ਹੋਏ ਖੇਤਾਂ) ਦੇ ਮੁਕਾਬਲੇ ਮਜ਼ਬੂਤ ਹੁੰਦੀਆਂ ਹਨ, ਜਿਸ ਕਰਕੇ ਕਣਕ ਦੀ ਫ਼ਸਲ ਘੱਟ ਡਿਗਦੀ ਹੈ।

### ਸਰਫੇਸ ਸੀਡਿੰਗ ਕਮ ਮਲਚਿੰਗ ਤਕਨੀਕ ਦੇ ਫਾਇਦੇ

ਇਸ ਨਾਲ ਪਰਾਲੀ ਦੀ ਸੰਭਾਲ ਅਤੇ ਕਣਕ ਦੀ ਬਿਜਾਈ ਬਹੁਤ ਸੌਖੀ ਹੋ ਜਾਂਦੀ ਹੈ। ਕਣਕ ਦੀ ਬਿਜਾਈ ਸਮੇਂ ਸਿਰ ਹੋ ਜਾਂਦੀ ਹੈ ਅਤੇ ਇਹ ਬਹੁਤ ਸਸਤੀ ਤਕਨੀਕ ਹੈ। ਇਸ ਤਕਨੀਕ ਰਾਹੀਂ 700-800 ਰੁਪਏ ਪ੍ਰਤੀ ਏਕੜ ਵਿੱਚ ਕਣਕ ਦੀ ਬਿਜਾਈ ਹੋ ਜਾਂਦੀ ਹੈ, ਜੋ ਕਿ ਪਰਾਲੀ ਸਾੜ ਕੇ ਕਣਕ ਬੀਜਣ ਨਾਲੋਂ ਵੀ ਸਸਤੀ ਹੈ। ਇਸ ਤਕਨੀਕ ਨਾਲ ਬੀਜੀ ਹੋਈ ਕਣਕ ਘੱਟ ਡਿੱਗਦੀ ਹੈ। ਪਰਾਲੀ ਦੇ ਖੇਤ ਵਿੱਚ ਰਹਿਣ ਕਰਕੇ ਜ਼ਮੀਨ ਦੀ ਸਿਹਤ ਦਾ ਵੀ ਸੁਧਾਰ ਹੁੰਦਾ ਹੈ। ਖੇਤ ਵਿੱਚ ਪਈ ਪਰਾਲੀ ਮਲਚ ਦਾ ਕੰਮ ਕਰਦੀ ਹੈ, ਜਿਸ ਨਾਲ ਨਦੀਨ ਘੱਟ ਹੁੰਦੇ ਹਨ ਅਤੇ ਜ਼ਮੀਨ ਦਾ ਤਾਪਮਾਨ ਵੀ ਕਣਕ ਦੇ ਵਧੇ ਲਈ ਅਨੁਕੂਲ ਬਣਿਆ ਰਹਿੰਦਾ ਹੈ।

### ਇਸ ਤਕਨੀਕ ਦੀ ਕਾਮਯਾਬੀ ਲਈ ਹੇਠ ਲਿਖੀਆਂ ਸਾਵਧਾਨੀਆਂ ਜ਼ਰੂਰ ਵਰਤੋਂ :

★ ਬਿਜਾਈ ਅਕਤੂਬਰ ਦੇ ਅਖੀਰਲੇ ਹਫਤੇ ਤੋਂ 20 ਨਵੰਬਰ ਤੱਕ ਕਰੋ।

★ ਕਲਰਾਠੀਆਂ ਅਤੇ ਪਾਣੀ ਦੇ ਘੱਟ ਨਿਕਾਸ ਵਾਲੀਆਂ ਜ਼ਮੀਨਾਂ ਵਿੱਚ ਇਸ ਤਕਨੀਕ ਨੂੰ ਨਾ ਵਰਤੋ। ਖੇਤ ਦੇ ਕਿਆਰਿਆਂ ਦਾ ਆਕਾਰ ਛੋਟਾ ਰੱਖੋ।

★ ਝੋਨੇ ਦੇ ਖੇਤ ਨੂੰ ਅਖੀਰਲਾ ਪਾਣੀ (ਜ਼ਮੀਨ ਦੀ ਕਿਸਮ ਮੁਤਾਬਿਕ) ਇਸ ਤਰ੍ਹਾਂ ਲਾਓ ਤਾਂਕਿ ਕਟਾਈ ਸਮੇਂ ਖੇਤ ਖੁਸ਼ਕ ਹੋਵੇ ਤਾਂ ਕਿ ਕੰਬਾਈਨ ਦੇ ਟਾਇਰਾਂ ਦੀਆਂ ਪੈੜਾਂ ਨਾ ਪੈਣ। ਅਖੀਰਲਾ ਪਾਣੀ ਕੱਦੂ ਕਰਕੇ ਲਾਏ ਝੋਨੇ ਦੀ ਵਾਢੀ ਤੋਂ 15 ਦਿਨ ਪਹਿਲਾਂ ਦਿਉ ਅਤੇ ਸਿੱਧੀ ਬਿਜਾਈ ਵਾਲੇ ਝੋਨੇ ਨੂੰ 10 ਦਿਨ ਪਹਿਲਾਂ ਦਿਉ। ਝੋਨੇ ਦੀ ਕਟਾਈ ਸੁਪਰ ਐਸ. ਐਮ. ਐਸ. ਲੱਗੀ ਕੰਬਾਈਨ ਨਾਲ ਕਰੋ, ਜਾਂ ਕੰਬਾਈਨ ਵਿੱਚੋਂ ਨਿਕਲੇ ਪਰਾਲ ਨੂੰ ਤਰੰਗਲੀ ਜਾਂ ਕਿਸੇ ਹੋਰ ਸਾਧਨ ਨਾਲ ਪੂਰੇ ਖੇਤ ਵਿੱਚ ਇਕਸਾਰ ਖਿਲਾਰ ਦਿਉ।

★ ਬੀਜ ਦੀ ਮਾਤਰਾ 45 ਕਿਲੋ ਅਤੇ ਡੀ. ਏ. ਪੀ. 55 ਕਿਲੋ ਪ੍ਰਤੀ ਏਕੜ ਪਾਓ।

★ ਕਣਕ ਦੇ ਬੀਜ ਨੂੰ ਸਿਫਾਰਿਸ਼ ਕੀਤੇ ਗਏ ਕੀਟਨਾਸ਼ਕਾਂ ਅਤੇ ਉੱਲੀਨਾਸ਼ਕਾਂ ਨਾਲ ਸੋਧਣਾ ਜ਼ਰੂਰੀ ਹੈ। ਕਣਕ ਦੀ ਬਿਜਾਈ ਸਮੇਂ ਸਰਫੇਸ ਸੀਡਰ ਮਸ਼ੀਨ ਨੂੰ ਜ਼ਮੀਨ ਤੋਂ 4-5 ਇੰਚ ਉੱਚਾ ਰੱਖ ਕੇ ਸਹੀ ਰਫਤਾਰ 'ਤੇ ਚਲਾਇਆ ਜਾਵੇ ਤਾਂ ਜੋ ਬੀਜ ਅਤੇ ਖਾਦ ਇਕਸਾਰ ਅਤੇ ਸਹੀ ਮਾਤਰਾ ਵਿੱਚ ਪੈ ਸਕੇ।

# ਹਾੜ੍ਹੀ ਦੀਆਂ ਮੁੱਖ ਫ਼ਸਲਾਂ ਵਿੱਚ ਖਾਦਾਂ ਦਾ ਸੁਚੱਜਾ ਪ੍ਰਬੰਧਨ

ਜਗਮਨਜੋਤ ਸਿੰਘ ਮਾਨ ਅਤੇ ਅਸ਼ੋਕ ਕੁਮਾਰ ਗਰਗ,
ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ (ਮੋਬਾਇਲ : 94929-00307)

ਪੰਜਾਬ ਵਿੱਚ ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਦਾ ਸਮਾਂ ਚੱਲ ਰਿਹਾ ਹੈ। ਫ਼ਸਲ ਤੋਂ ਪੂਰਾ ਝਾੜ ਪ੍ਰਾਪਤ ਕਰਨ ਲਈ ਖਾਦਾਂ ਦਾ ਸਹੀ ਢੰਗ ਅਤੇ ਮਾਤਰਾ ਵਿੱਚ ਵਰਤੋਂ ਕਰਨਾ ਬਹੁਤ ਜ਼ਰੂਰੀ ਹੈ।



★ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ ਤੇ ਕਰੋ। ਜੇਕਰ ਜ਼ਮੀਨ ਵਿੱਚ ਮਿੱਟੀ ਪਰਖ ਦੇ ਆਧਾਰ ਤੇ ਕਿਸੇ ਤੱਤ ਦੀ ਉਪਲੱਬਧਤਾ ਅਤੇ ਘੱਟ ਸ਼੍ਰੇਣੀ ਵਿੱਚ ਹੋਵੇ ਤਾਂ ਉਸ ਤੱਤ ਦੀ 25% ਵੱਧ ਮਾਤਰਾ ਪਾਉ, ਇਸੇ ਤਰ੍ਹਾਂ ਕਿਸੇ ਵੀ ਤੱਤ ਦੀ ਉਪਲੱਬਧਤਾ ਜ਼ਿਆਦਾ ਵਾਲੀ ਸ਼੍ਰੇਣੀ ਵਿੱਚ ਹੋਣ ਤੇ ਹੇਠਾਂ ਸਾਰਣੀ ਵਿੱਚ ਦਿੱਤੀ ਮਾਤਰਾ ਤੋਂ 25% ਘੱਟ ਪਾਉ।

★ ਸੁਪਰ ਸੀਡਰ ਅਤੇ ਹੈਪੀ ਸੀਡਰ ਨਾਲ ਬੀਜੀ ਕਣਕ ਵਿੱਚ ਬਿਜਾਈ ਸਮੇਂ 65 ਕਿਲੋ ਡੀ. ਏ. ਪੀ. ਪ੍ਰਤੀ ਏਕੜ ਪੋਰ ਦਿਉ। ਇਸ ਤੋਂ ਬਾਅਦ ਪਹਿਲੇ ਅਤੇ ਦੂਜੇ ਪਾਣੀ ਤੋਂ ਪਹਿਲਾਂ ਛਿੱਟੇ ਨਾਲ 45 ਕਿਲੋ ਯੂਰੀਆ ਪ੍ਰਤੀ ਏਕੜ ਪਾਉ।

★ ਜਿਸ ਖੇਤ ਵਿੱਚ ਲਗਾਤਾਰ ਤਿੰਨ ਸਾਲ ਹੈਪੀ ਸੀਡਰ ਨਾਲ ਬਿਜਾਈ ਕੀਤੀ ਗਈ ਹੋਵੇ ਉੱਥੇ ਚੌਥੇ ਸਾਲ ਤੋਂ ਕਣਕ ਵਿੱਚ 20 ਕਿਲੋ ਯੂਰੀਆ ਪ੍ਰਤੀ ਏਕੜ ਘਟਾ ਦਿਉ।

★ ਤੇਲਬੀਜ ਫ਼ਸਲਾਂ ਵਿੱਚ ਫ਼ਾਸਫੋਰਸ ਤੱਤ ਦੀ ਪੂਰਤੀ ਲਈ ਸਿੰਗਲ ਸੁਪਰਫ਼ਾਸਫੇਟ ਖਾਦ ਨੂੰ ਪਹਿਲ ਦਿਉ। ਜੇਕਰ ਇਹ ਖਾਦ ਨਾ ਮਿਲੇ ਤਾਂ ਗੰਧਕ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 80 ਕਿਲੋ ਜਿਪਸਮ ਜਾਂ 13 ਕਿਲੋ ਬੈਂਟੋਨਾਈਟ-ਸਲਫ਼ਰ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ।

ਹਾੜ੍ਹੀ ਦੀਆਂ ਮੁੱਖ ਫ਼ਸਲਾਂ ਵਿੱਚ ਖਾਦਾਂ ਦੀਆਂ ਸਿਫਾਰਸ਼ਾਂ :

| ਫ਼ਸਲ | ਤੱਤ ਕਿਲੋ ਪ੍ਰਤੀ ਏਕੜ | | | ਖਾਦਾਂ ਕਿਲੋ ਪ੍ਰਤੀ ਏਕੜ | | |
|---|---|---|---|---|---|---|
| | ਨਾਈਟ੍ਰੋਜਨ | ਫਾਸਫੋਰਸ | ਪੋਟਾਸ਼ | ਯੂਰੀਆ | ਡੀ ਏ ਪੀ/ ਸਿੰਗਲ ਸੁਪਰ ਫਾਸਫੇਟ | ਮਿਊਰੇਟ ਆਫ਼ ਪੋਟਾਸ਼ |
| ਕਣਕ | 50 | 25 | 12 | 110 | 55 ਡੀ ਏ ਪੀ | 20 |
| ਰਾਇਆ, ਗੋਭੀ ਸਰ੍ਹੋਂ ਅਤੇ ਅਫ਼ਰੀਕਨ ਸਰ੍ਹੋਂ | 40 | 12 | 6 | 90 | 75 ਸੁਪਰ | 10 |
| ਛੋਲੇ | 6 | 8 | - | 13 | 50 ਸੁਪਰ | - |
| ਮਸਰ | 5 | 8 | - | 11 | 50 ਸੁਪਰ | - |
| ਪਕਾਵੇਂ ਮਟਰ | 12 | 16 | - | 26 | 100 ਸੁਪਰ | - |
| ਬਰਸੀਮ | 10 | 30 | - | 22 | 185 ਸੁਪਰ | - |
| ਜਵੀਂ | 15 | 8 | - | 33 | 50 ਸੁਪਰ | - |

**ਖਾਦਾਂ ਪਾਉਣ ਦਾ ਸਮਾਂ** : ਸਾਰੀਆਂ ਫ਼ਸਲਾਂ ਵਿੱਚ ਸਿਫਾਰਸ਼ ਕੀਤੀ ਗਈ ਫਾਸਫੋਰਸ ਅਤੇ ਪੋਟਾਸ਼ ਵਾਲੀਆਂ ਖਾਦਾਂ ਬਿਜਾਈ ਸਮੇਂ ਪਾਉ। ਕਣਕ ਨੂੰ ਪਹਿਲੇ ਅਤੇ ਦੂਜੇ ਪਾਣੀ ਨਾਲ 45 ਕਿਲੋ ਯੂਰੀਆ ਪ੍ਰਤੀ ਏਕੜ ਪਾਉ। ਰਾਇਆ, ਗੋਭੀ ਸਰ੍ਹੋਂ ਅਤੇ ਅਫ਼ਰੀਕਨ ਸਰ੍ਹੋਂ (ਸਿੱਧੀ ਅਤੇ ਪਨੀਰੀ ਰਾਹੀਂ ਕਾਸ਼ਤ) ਨੂੰ ਸਾਰੀ ਫਾਸਫੋਰਸ, ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਬਿਜਾਈ ਸਮੇਂ ਪਾਉ ਅਤੇ ਬਾਕੀ ਦੀ ਅੱਧੀ ਨਾਈਟ੍ਰੋਜਨ ਪਹਿਲੇ ਪਾਣੀ ਨਾਲ ਪਾਉ। ਛੋਲੇ, ਮਸਰ ਅਤੇ ਬਰਸੀਮ ਵਿੱਚ ਸਾਰੀਆਂ ਖਾਦਾਂ ਬਿਜਾਈ ਸਮੇਂ ਹੀ ਪਾਉ। ਜਵੀਂ ਦੀ ਇੱਕ ਕਟਾਈ ਲੈਣ ਲਈ ਉੱਪਰ ਦੱਸੀ ਖਾਦ ਬੀਜਣ ਸਮੇਂ ਪਾ ਦਿਓ। ਦੂਜੀ ਕਟਾਈ ਲੈਣ ਲਈ 44 ਕਿਲੋ ਯੂਰੀਆ ਪ੍ਰਤੀ ਏਕੜ ਜਵੀਂ ਦੇ ਫੁਟਾਰੇ ਤੋਂ ਬਾਅਦ ਪਾਉ।



# ਖਾਦਾਂ ਦੇ ਸੰਕਟ ਨਾਲ ਜੂਝ ਰਹੇ ਹਨ ਸੂਬੇ ਦੇ ਕਿਸਾਨ

ਨਵਤੇਜ ਸਿੰਘ ਮੱਲ੍ਹੀ
ਭਾਗੋਕਾਵਾਂ, ਗੁਰਦਾਸਪੁਰ-143521

ਪੰਜਾਬ ਵਿੱਚ ਖੇਤੀ ਨਾਲ ਸੰਬੰਧਿਤ ਸਮੱਸਿਆਵਾਂ ਦਾ ਘੇਰਾ ਦਿਨੋਂ-ਦਿਨ ਵਿਸ਼ਾਲ ਹੁੰਦਾ ਜਾ ਰਿਹਾ ਹੈ। ਪਹਿਲਾਂ ਹੜ੍ਹਾਂ ਕਾਰਨ ਚਾਰ ਲੱਖ ਏਕੜ ਤੋਂ ਵੱਧ ਝੋਨੇ ਦੀ ਫ਼ਸਲ ਬਰਬਾਦ ਹੋ ਗਈ ਤੇ ਜਿਨ੍ਹਾਂ ਇਲਾਕਿਆਂ ਵਿੱਚ ਫ਼ਸਲ ਦਾ ਹੜ੍ਹਾਂ ਤੋਂ ਬਚਾਅ ਰਿਹਾ, ਉੱਥੇ ਬੂਟਿਆਂ ਦੇ ਮਧਰੇਪਣ ਦੇ ਰੋਗ ਅਤੇ ਹਲਦੀ ਰੋਗ ਕਾਰਨ ਝੋਨੇ ਦਾ ਝਾੜ ਏਨਾ ਘੱਟ ਨਿਕਲਿਆ ਕਿ ਕਿਸਾਨਾਂ ਦਾ ਲਾਗਤ ਖ਼ਰਚਾ ਵੀ ਪੂਰਾ ਨਹੀਂ ਹੋਇਆ। ਇਹ ਸਾਰਾ ਨੁਕਸਾਨ ਕੁਦਰਤੀ ਕਰੋਪੀਆਂ ਦੇ ਨਾਂਅ ਹੇਠ ਕਿਸਾਨ ਬਰਦਾਸ਼ਤ ਕਰ ਰਹੇ ਹਨ। ਅਜਿਹੇ ਮੁਸ਼ਕਿਲ ਸਮੇਂ ਵਿੱਚ ਕਿਸਾਨਾਂ-ਮਜ਼ਦੂਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਜਿੱਥੇ ਸਮਾਜ ਸੇਵੀ ਸੰਸਥਾਵਾਂ ਨੇ ਪੱਧਰ 'ਤੇ ਯੋਗਦਾਨ ਪਾਇਆ ਹੈ, ਉਥੇ ਸਰਕਾਰ ਵੀ ਗਿਣੇ-ਚੁਣੇ ਲੋਕਾਂ ਨੂੰ ਮੁਆਵਜ਼ੇ ਦੇ ਚੈੱਕ ਵੰਡ ਰਹੀ ਹੈ।

ਹੁਣ ਸੂਬੇ ਵਿੱਚ ਹਾੜ੍ਹੀ ਦੀਆਂ ਫ਼ਸਲਾਂ ਜਿਵੇਂ ਕਣਕ, ਸਰ੍ਹੋਂ, ਛੋਲੇ ਤੇ ਆਲੂਆਂ ਦੀ ਬਿਜਾਈ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ, ਪਰ ਕਣਕ ਤੇ ਆਲੂਆਂ ਦੀ ਬਿਜਾਈ ਲਈ ਡਾਇਆ (ਡੀ. ਏ. ਪੀ.) ਖਾਦ ਦੀ ਹਰ ਪਾਸੇ ਵੱਡੀ ਘਾਟ ਨਜ਼ਰ ਆ ਰਹੀ ਹੈ। ਕਣਕ ਦੀ ਬਿਜਾਈ ਸ਼ੁਰੂ ਹੈ, ਪਰ ਸੂਬੇ ਦੀਆਂ 3520 ਸਹਿਕਾਰੀ ਸੁਸਾਇਟੀਆਂ ਵਿੱਚ ਡਾਇਆ ਖਾਦ ਦੀ ਕਿੱਲਤ ਚੱਲ ਰਹੀ ਹੈ। ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਲਈ ਸਰਕਾਰ ਵੱਲੋਂ ਖਾਦਾਂ ਦੀ ਲੋੜੀਂਦੀ ਉਪਲਬੱਧਤਾ ਲਈ ਕੋਈ ਯੋਜਨਾਬੰਦੀ ਨਹੀਂ ਕੀਤੀ ਗਈ, ਜਿਸ ਕਰਕੇ ਕਿਸਾਨਾਂ ਨੂੰ ਡਾਇਆ ਖਾਦ ਲਈ ਦਰ-ਦਰ ਭਟਕਣਾ ਪੈ ਰਿਹਾ ਹੈ। ਸਹਿਕਾਰੀ ਸੁਸਾਇਟੀਆਂ ਵਿੱਚੋਂ ਖਾਦਾਂ ਨਹੀਂ ਮਿਲ ਰਹੀਆਂ। ਦੂਜੇ ਪਾਸੇ ਖਾਦ ਦੇ ਡਿਸਟ੍ਰੀਬਿਊਟਰਾਂ ਨੇ ਡੀ. ਏ. ਪੀ. ਤੇ ਯੂਰੀਆ ਖਾਦ ਦਾ ਸਟਾਕ ਕੀਤਾ ਹੋਇਆ ਹੈ। ਇਹ ਡਿਸਟ੍ਰੀਬਿਊਟਰ ਡਾਇਆ ਤੇ ਯੂਰੀਆ ਖਾਦ ਦੀ ਪ੍ਰਤੀ ਬੋਰੀ ਨਾਲ ਜ਼ਿੰਕ, ਸਲਫਰ, ਪੰਜਾਬ ਤੇ 800-800 ਰੁਪਏ ਦੇ ਅਜਿਹੇ ਕਿਸਾਨਾਂ ਨੂੰ ਦਿੱਤੇ ਜਾ ਰਹੇ ਹਨ, ਜਿਨ੍ਹਾਂ ਨੂੰ ਲੈਣ ਤੋਂ ਕਿਸਾਨਾਂ ਦੇ ਨਾਲ-ਨਾਲ ਦੁਕਾਨਦਾਰ ਵੀ ਇਨਕਾਰ ਕਰ ਰਹੇ ਹਨ। ਦੁਕਾਨਦਾਰਾਂ ਨੇ ਏਨੀਆਂ ਮਹਿੰਗੀਆਂ ਸ਼ਰਤਾਂ ਨਾਲ ਖਾਦਾਂ ਲੈਣੀਆਂ ਬੰਦ ਕਰ ਦਿੱਤੀਆਂ ਹਨ। ਜੇਕਰ ਦੁਕਾਨਦਾਰ ਡਿਸਟ੍ਰੀਬਿਊਟਰਾਂ ਵੱਲੋਂ ਸ਼ਰਤਾਂ ਰਹਿਤ ਖਾਦਾਂ ਲੈਂਦੇ ਹਨ, ਤਾਂ ਅੱਗੇ ਕਿਸਾਨ ਖਾਦਾਂ ਨਾਲ ਬੇਲੋੜੇ ਉਤਪਾਦਨਾਂ ਨੂੰ ਲੈਣ ਲਈ ਰਾਜ਼ੀ ਨਹੀਂ ਹੁੰਦੇ, ਕਿਉਂਕਿ ਇਸ ਨਾਲ ਕਿਸਾਨਾਂ 'ਤੇ ਬੇਲੋੜਾ ਆਰਥਿਕ ਬੋਝ ਪੈਂਦਾ ਹੈ ਤੇਉਹ ਸੋਸ਼ਣ ਦਾ ਸ਼ਿਕਾਰ ਹੁੰਦੇ ਹਨ। ਅਜਿਹੀ ਸਥਿਤੀ ਵਿੱਚ ਜਦ ਕਿਸਾਨਾਂ ਨੂੰ ਸ਼ਰਤਾਂ ਤਹਿਤ ਖਾਦਾਂ ਮਿਲਦੀਆਂ ਹਨ ਤਾਂ ਕਿਸਾਨ ਜਥੇਬੰਦੀਆਂ ਖਾਦ ਡੀਲਰਾਂ ਖ਼ਿਲਾਫ਼ ਧਰਨੇ 'ਤੇ ਉੱਤਰ ਆਉਂਦੀਆਂ ਹਨ, ਹਾਲਾਂਕਿ ਇਸ ਸਮੱਸਿਆ ਲਈ ਡੀਲਰਾਂ ਦੀ ਬਜਾਏ ਡਿਸਟ੍ਰੀਬਿਊਟਰ ਤੇ ਕੰਪਨੀਆਂ ਜ਼ਿੰਮੇਵਾਰ ਹਨ, ਜੋ ਬੇਲੋੜੇ ਉਤਪਾਦਾਂ ਤੋਂ ਬਿਨਾਂ ਡੀਲਰਾਂ ਨੂੰ ਖਾਦਾਂ ਨਹੀਂ ਦਿੰਦੀਆਂ। ਹੁਣ ਤਾਂ ਹਾਲਾਤ ਅਜਿਹੇ ਹਨ ਕਿ ਸਹਿਕਾਰੀ ਸੁਸਾਇਟੀਆਂ ਵਿੱਚ ਵੀ ਡਾਇਆ ਤੇ ਯੂਰੀਆ ਖਾਦ ਨਾਲ ਘਿਓ, ਫੀਡ ਆਦਿ ਚੀਜ਼ਾਂ ਦੀ ਜ਼ਬਰੀ ਵਿਕਰੀ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਨੇ ਖਾਦਾਂ 'ਤੇ ਦਿੱਤੀਆਂ ਜਾਂਦੀਆਂ ਸਬਸਿਡੀਆਂ ਤੋਂ ਬਚਣ ਲਈ ਤਰਲ ਨੈਨੋ ਯੂਰੀਆ ਤੇ ਨੈਨੋ ਡੀ. ਏ. ਪੀ. ਜਾਰੀ ਕੀਤੀ ਹੈ। ਸਰਕਾਰ ਦੁਕਾਨਦਾਰਾਂ ਨੂੰ ਨੈਨੋ ਯੂਰੀਆ ਨੈਨੋ ਯੂਰੀਆ ਤੇ ਨੈਨੋ ਡਾਇਆ ਖਾਦਾਂ ਨਾਲ ਭੇਜ ਰਹੀ ਹੈ ਪਰ ਅੱਗੇ ਕਿਸਾਨ ਦੁਕਾਨਦਾਰਾਂ ਕੋਲੋਂ ਕੇਵਲ ਡੀ. ਏ. ਪੀ. ਤੇ ਯੂਰੀਆ ਦੀ ਮੰਗ ਕਰਦਾ ਹੈ, ਉਹ ਨੈਨੋ ਉਤਪਾਦ ਲੈਣ ਲਈ ਰਾਜ਼ੀ ਨਹੀਂ ਹੁੰਦਾ। ਪਰ ਇਸ ਦਾ ਖ਼ਰਚਾ ਦੁਕਾਨਦਾਰ ਨੂੰ ਝੱਲਣਾ ਪੈਂਦਾ ਹੈ। ਖਾਦਾਂ ਨਾਲ ਬੇਲੋੜੇ ਉਤਪਾਦ ਜੋੜਨ ਲਈ ਸਰਕਾਰ ਤੇ ਕੰਪਨੀਆਂ ਜ਼ਿੰਮੇਵਾਰ ਹਨ, ਪਰ ਇਸ ਦੀ ਸਾਰੀ ਜ਼ਿੰਮੇਵਾਰੀ ਦੁਕਾਨਦਾਰਾਂ ਸਿਰ ਪਾਈ ਜਾਂਦੀ ਹੈ। ਇਸ ਗੱਲੋਂ ਕਿਸਾਨ ਵੀ ਸੱਚੇ ਹਨ ਕਿ ਨੈਨੋ ਖਾਦਾਂ ਦੇ ਨਤੀਜੇ ਉਮੀਦ ਮੁਤਾਬਿਕ ਨਹੀਂ ਹਨ। ਇਸ ਦਾ ਅਸਰ ਫ਼ਸਲ ਦੀਆਂ ਜੜ੍ਹਾਂ ਤੱਕ ਨਹੀਂ ਪੁੱਜਦਾ। ਇੱਥੋਂ ਤੱਕ ਕਿ ਕਈ ਖੇਤੀ ਵਿਗਿਆਨੀ ਵੀ ਨੈਨੋ ਖਾਦਾਂ ਦੀ ਗੁਣਵੱਤਾ 'ਤੇ ਬੇਭਰੋਸਗੀ ਪ੍ਰਗਟ ਕਰ ਚੁੱਕੇ ਹਨ। ਖਾਦਾਂ ਦੇ ਨਾਂਅ 'ਤੇ ਕਿਸਾਨਾਂ ਦੀ ਲੁੱਟ ਹੋ ਰਹੀ ਹੈ। ਡਿਸਟ੍ਰੀਬਿਊਟਰ ਤੇ ਕੰਪਨੀਆਂ ਮਿਲੀਭੁਗਤ ਕਰਕੇ ਬੇਲੋੜੇ ਉਤਪਾਦਾਂ ਦੀ ਵਿਕਰੀ ਕਰ ਰਹੇ ਹਨ। ਖਾਦ ਡੀਲਰਾਂ ਨੇ ਡਿਸਟ੍ਰੀਬਿਊਟਰਾਂ ਦੀਆਂ ਮਨਮਾਨੀਆਂ ਖਿਲਾਫ ਜ਼ਿਲ੍ਹਾ ਖੇਤੀ ਅਫ਼ਸਰਾਂ ਤੇ ਸਰਕਾਰ ਦੇ ਮੰਤਰੀਆਂ ਤੱਕ ਸ਼ਿਕਾਇਤਾਂ ਕੀਤੀਆਂ ਹਨ ਪਰ ਇਸ ਸਮੱਸਿਆ ਦੀਆਂ ਜਨਮਦਾਤੀਆਂ ਕੰਪਨੀਆਂ ਤੇ ਡਿਸਟ੍ਰੀਬਿਊਟਰਾਂ ਖਿਲਾਫ ਸਰਕਾਰ ਕੋਲੋਂ ਕਾਰਵਾਈ ਨਹੀਂ ਕੀਤੀ ਗਈ। ਇਨ੍ਹਾਂ ਖਿਲਾਫ ਜ਼ਿਲ੍ਹਾ ਖੇਤੀ ਅਧਿਕਾਰੀ ਵੀ ਜ਼ੁਬਾਨ ਖੋਲ੍ਹਣ ਤੋਂ ਡਰਦੇ ਹਨ, ਇਸ ਕਰਕੇ ਲੁੱਟ ਦਾ ਸਿਲਸਿਲਾ ਜਾਰੀ ਹੈ। ਸਰਕਾਰ ਦੀ ਸਖ਼ਤੀ ਦੇ ਬਿਨਾਂ ਕਿਸਾਨਾਂ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ। ਪਰ ਸਰਕਾਰ ਦਾ ਸਾਰਾ ਧਿਆਨ ਤਾਂ ਤਰਨ ਤਾਰਨ ਜ਼ਿਮਨੀ ਚੋਣ ਜਿੱਤਣ 'ਤੇ ਕੇਂਦਰਿਤ ਹੈ, ਕਿਸਾਨਾਂ ਦੀ ਸਮੱਸਿਆ ਨਾਲ ਉਸ ਨੂੰ ਕੋਈ ਸਰੋਕਾਰ ਨਹੀਂ ਲੱਗਦਾ। ਖਾਦਾਂ ਦੀ ਸਮੱਸਿਆ 'ਤੇ ਸਰਕਾਰ ਤੇ ਉਸ ਦਾ ਕੋਈ ਮੰਤਰੀ ਇੱਕ ਬਿਆਨ ਦੇਣਾ ਵੀ ਜ਼ਰੂਰੀ ਨਹੀਂ ਸਮਝਦਾ। ਚਲੋ ਇਸ ਸਮੱਸਿਆ ਲਈ ਇੱਕ ਇਹ ਵੀ ਕਾਰਨ ਜ਼ਿੰਮੇਵਾਰ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਰੂਸ-ਯੂਕੇਰਨ, ਇਜ਼ਰਾਈਲ-ਹਮਾਸ ਤੇ ਇਜ਼ਰਾਈਲ-ਇਰਾਨ ਦਰਮਿਆਨ ਤਣਾਅ ਦੇ ਮਾਹੌਲ ਕਾਰਨ ਖਾਦਾਂ ਦੇ ਕੱਚੇ ਮਾਲ ਦੇ ਭਾਅ ਵਧਣ ਦੇ ਨਾਲ-ਨਾਲ ਚੀਨ ਦੁਆਰਾ ਖਾਦਾਂ ਦੀ ਨਿਰਯਾਤ ਘਟਾਓ ਦਿੱਤੀ ਗਈ ਹੈ। ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਵਿੱਚ ਖਾਦਾਂ ਦੀ ਆਯਾਤ 'ਤੇ ਪ੍ਰਭਾਵ ਪਿਆ ਹੈ। ਪਰ ਆਯਾਤ ਘਟੀ ਹੈ, ਬੰਦ ਨਹੀਂ ਹੋਈ ਪਰ ਦੇਸ਼ ਵਿੱਚ ਖਾਦਾਂ ਦੀ ਕਾਲਾਬਾਜ਼ਾਰੀ ਕਰਕੇ ਵੀ ਕਿੱਲਤ ਆਈ ਹੈ। ਜਿੰਨੀ ਸਪਲਾਈ ਆ ਰਹੀ ਹੈ ਉਹ ਵੀ ਡਿਸਟ੍ਰੀਬਿਊਟਰਾਂ ਦੇ ਗੁਦਾਮਾਂ ਵਿੱਚ ਸਰਕਾਰੀ ਸਰਪ੍ਰਸਤੀ ਤਹਿਤ ਸਟੋਰ ਹੋ ਰਹੀ ਹੈ ਤੇ ਇਸ ਦੀ ਵੰਡ ਸਖ਼ਤ ਸ਼ਰਤਾਂ ਤਹਿਤ ਹੋ ਰਹੀ ਹੈ। ਇਨ੍ਹਾਂ ਸ਼ਰਤਾਂ ਅੱਗੇ ਦੁਕਾਨਦਾਰ ਵੀ ਹੱਥ ਖੜ੍ਹੇ ਕਰ ਰਹੇ ਹਨ। ਜ਼ਿਲ੍ਹਾ ਖੇਤੀ ਅਫ਼ਸਰ ਇਸ ਸਮੱਸਿਆ ਤੋਂ ਜਾਣੂ ਹਨ, ਪਰ ਪਤਾ ਨਹੀਂ ਕਿਸ ਮਜ਼ਬੂਤੀ ਕਾਰਨ ਉਹ ਇਹੋ ਬਿਆਨ ਦੇ ਰਹੇ ਹਨ ਕਿ ਸੂਬੇ ਵਿੱਚ ਖਾਦਾਂ ਦਾ ਲੋੜੀਂਦਾ ਸਟਾਕ ਮੌਜੂਦ ਹੈ। ਜ਼ਿਆਦਾਤਰ ਸਟਾਕ ਤਾਂ ਗੁਦਾਮਾਂ ਵਿੱਚ ਲੁਕਿਆ ਪਿਆ ਹੈ ਤੇ ਸਿਰਫ਼ ਬੇਲੋੜੀਆਂ ਸ਼ਰਤਾਂ ਨਾਲ ਬਾਹਰ ਆ ਰਿਹਾ ਹੈ। ਜਿੰਨੀਆਂ ਕੋਈ ਸ਼ਰਤਾਂ ਮੰਨਦਾ ਹੈ ਓਨੀ ਕੁ ਸਪਲਾਈ ਮਿਲਦੀ ਹੈ। ਇਸ ਤੋਂ ਬਿਨਾਂ ਗੈਰ ਖੇਤੀ ਖੇਤਰ ਵਿੱਚ ਵੀ ਖਾਦਾਂ ਦੀ ਵਰਤੋਂ ਹੋਣ ਲੱਗੀ ਹੈ। ਲੰਘੇ ਸਮੇਂ ਵਿੱਚ ਖੇਤੀ ਅਧਿਕਾਰੀਆਂ ਨੇ ਪਲਾਈਵੁੱਡ ਦੀਆਂ ਫੈਕਟਰੀਆਂ ਵਿੱਚੋਂ ਯੂਰੀਆ ਦੇ ਥੈਲੇ ਬਰਾਮਦ ਕੀਤੇ ਹਨ। ਕਿਸਾਨਾਂ ਨੂੰ ਯੂਰੀਆ ਖਾਦ ਪ੍ਰਤੀ ਥੈਲਾ ਵੱਧ ਤੋਂ ਵੱਧ 275 ਰੁਪਏ ਵਿੱਚ ਵੇਚਿਆ ਜਾਂਦਾ ਹੈ, ਜਦਕਿ ਫੈਕਟਰੀਆਂ ਵਾਲੇ ਇਸ ਨੂੰ 500 ਰੁਪਏ ਵਿੱਚ ਖ਼ਰੀਦ ਰਹੇ ਹਨ। ਗੈਰ-ਖੇਤੀ ਵਰਤੋਂ ਨੇ ਵੀ ਯੂਰੀਆ ਦਾ ਸੰਕਟ ਵਧਾਇਆ। ਹਾੜ੍ਹੀ ਸੀਜ਼ਨ ਲਈ ਸੂਬੇ ਨੂੰ 14.50 ਲੱਖ ਮੀਟ੍ਰਿਕ ਟਨ ਯੂਰੀਆ ਤੇ 5.50 ਲੱਖ ਟਨ ਡਾਇਆ ਦੀ ਲੋੜ ਹੁੰਦੀ ਹੈ ਪਰ ਸੀਜ਼ਨ ਸ਼ੁਰੂ ਹੋਣ ਦੇ ਬਾਵਜੂਦ ਸਰਕਾਰ ਨੇ ਖਾਦਾਂ ਦੀ ਸਪਲਾਈ ਲਈ ਕੋਈ ਯੋਜਨਾਬੰਦੀ ਨਹੀਂ ਕੀਤੀ, ਜਿਸ ਦਾ ਖਮਿਆਜ਼ਾ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ। ਕਿਸਾਨ ਜਥੇਬੰਦੀਆਂ ਤਾਂ ਆਖ ਰਹੀਆਂ ਹਨ ਕਿ ਕੇਂਦਰ ਤੇ ਸੂਬਾ ਸਰਕਾਰਾਂ ਐਮ.ਐਸ.ਪੀ. ਦੇਣ ਦੀ ਥਾਂ ਖਾਦਾਂ ਰੋਕ ਕੇ ਫ਼ਸਲਾਂ ਦੇ ਉਤਪਾਦ ਹੀ ਘਟਾਉਣਾ ਚਾਹੁੰਦੀਆਂ ਹਨ। ਪਰ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਦੇ 65 ਫ਼ੀਸਦੀ ਲੋਕ ਹਾਲੇ ਵੀ ਖੇਤੀ ਨਾਲ ਜੁੜੇ ਹਨ। ਸੂਬੇ ਦੀ ਖੁਸ਼ਹਾਲੀ ਖੇਤੀ ਨਾਲ ਹੈ। ਇਹ ਠੀਕ ਹੈ ਕਿ ਖੇਤੀ ਵਿੱਚ ਖਾਦਾਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ, ਪਰ ਖਾਦਾਂ ਰੋਕ ਕੇ ਉਤਪਾਦਨ ਠੱਪ ਕਰਨਾ ਨਾ ਸੂਬੇ ਦੇ ਲੋਕਾਂ ਦੇ ਹਿੱਤ ਵਿੱਚ ਹੋਵੇਗਾ ਤੇ ਨਾ ਹੀ ਸਰਕਾਰ ਦੇ।

# ਕਿਸਾਨੀ ਵਿੱਚ ਕੁਦਰਤ ਦੀ ਭੂਮਿਕਾ

**ਮੌਸਮ ਦੇ ਬਦਲਾਅ ਜਿਵੇਂ ਕਿ ਮੀਂਹ, ਧੁੱਪ, ਹਵਾ, ਗਰਮੀ ਤੇ ਠੰਢ ਇਹ ਸਾਰੇ ਤੱਤ ਕਿਸਾਨੀ ਨਾਲ ਸਿੱਧੇ ਜੁੜੇ ਹੋਏ ਹਨ। ਮੀਂਹ ਨਿਰਧਾਰਤ ਸਮੇਂ 'ਤੇ ਹੋਵੇ ਤਾਂ ਖੇਤੀ ਨੂੰ ਲਾਭ ਮਿਲਦਾ ਹੈ, ਪਰ ਬੇਮੌਸਮੀ ਮੀਂਹ ਜਾਂ ਤੂਫਾਨ ਖੇਤੀ ਲਈ ਤਬਾਹੀ ਬਣ ਜਾਂਦੇ ਹਨ। ਮੀਂਹ, ਜ਼ਮੀਨਾਂ ਤੇ ਨਹਿਰਾਂ ਸਭ ਕੁਦਰਤ ਵਲੋਂ ਮਿਲੀਆਂ ਨਿਆਮਤਾਂ ਹਨ। ਇਨ੍ਹਾਂ ਬਿਨਾਂ ਕਿਸਾਨੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਜੇਕਰ ਇਹ ਸਰੋਤ ਘੱਟ ਜਾਂਦੇ ਹਨ ਜਾਂ ਪ੍ਰਦੂਸ਼ਿਤ ਹੋ ਜਾਂਦੇ ਹਨ ਤਾਂ ਖੇਤੀ 'ਤੇ ਸਿੱਧਾ ਅਸਰ ਪੈਂਦਾ ਹੈ।**

## ਜੈਵਿਕ ਖੇਤੀ : ਕੁਦਰਤ ਨਾਲ ਮੇਲ

ਜੈਵਿਕ ਖੇਤੀ ਉਹ ਤਰੀਕਾ ਹੈ, ਜਿਸ ਵਿੱਚ ਕਿਸਾਨ ਰਸਾਇਣਕ ਖਾਦਾਂ ਦੀ ਥਾਂ ਕੁਦਰਤੀ ਖਾਦ ਵਰਤਦਾ ਹੈ, ਮਿੱਟੀ ਨੂੰ ਜ਼ਿੰਦਾ ਰੱਖਦਾ ਹੈ ਤੇ ਖੇਤੀ ਨੂੰ ਵਾਤਾਵਰਨ ਮਿੱਤਰ ਬਣਾਉਂਦਾ ਹੈ। ਇਹ ਵਿਧੀ ਸਿਰਫ਼ ਕੁਦਰਤ ਨਾਲ ਮੇਲ ਹੀ ਨਹੀਂ ਬਣਾਉਂਦੀ, ਸਗੋਂ ਸਿਹਤਮੰਦ ਭਵਿੱਖ ਵੱਲ ਵੀ ਲੈ ਜਾਂਦੀ ਹੈ।

## ਕੁਦਰਤੀ ਆਫ਼ਤਾਂ ਵੱਡੀ ਚੁਣੌਤੀ

ਹੜ੍ਹ, ਸੋਕਾ, ਠੰਢ, ਤੂਫ਼ਾਨ ਕਿਸਾਨਾਂ ਲਈ ਨਾਸੂਰ ਬਣ ਜਾਂਦੇ ਹਨ। ਇਨ੍ਹਾਂ ਆਫ਼ਤਾਂ ਕਾਰਨ ਕਿਸਾਨ ਦੀ ਸਾਲਾਂ ਦੀ ਮਿਹਨਤ ਮਿੱਟੀ ਵਿੱਚ ਮਿਲ ਜਾਂਦੀ ਹੈ। ਜਦ ਕਿਸਾਨ ਦੀ ਜੋਬਨ 'ਤੇ ਆਈ ਫ਼ਸਲ ਕਿਸੇ ਦੁਰਘਟਨਾ ਦਾ ਸ਼ਿਕਾਰ ਹੋ ਜਾਂਦੀ ਹੈ ਤਾਂ ਉਹ ਬੜੀਆਂ ਅਸਹਿਣਯੋਗ ਹੁੰਦੀਆਂ ਹਨ।

ਅਜਿਹੇ ਸਮਿਆਂ ਵਿੱਚ ਸਰਕਾਰੀ ਸਹਾਇਤਾ ਤੇ ਫ਼ਸਲ ਬੀਮਾ ਯੋਜਨਾਵਾਂ ਕਿਸੇ ਹੱਦ ਤੱਕ ਰਾਹਤ ਲਿਆਉਂਦੀਆਂ ਹਨ, ਪਰ ਹਾਲਾਤ ਅਕਸਰ ਔਖੇ ਹੁੰਦੇ ਹਨ। ਪੁਰਾਣੇ ਸਮਿਆਂ ਵਿੱਚ ਲੋਕ ਰੁੱਤਾਂ, ਚੰਦ ਤੇ ਨਕਸ਼ਤਰ ਦੇ ਆਧਾਰ 'ਤੇ ਖੇਤੀ ਕਰਦੇ ਸਨ। ਬੀਜ ਪਾਉਣ, ਕਟਾਈ ਤੇ ਝਾੜੀ ਸਭ ਕੁਝ ਕੁਦਰਤੀ ਚੱਕਰਾਂ ਅਨੁਸਾਰ ਹੁੰਦਾ ਸੀ। ਇਹ ਦਰਸਾਉਂਦਾ ਹੈ ਕਿ ਕਿਸਾਨ ਕੁਦਰਤ ਨਾਲ ਸਾਂਝ ਪਾ ਕੇ ਕੰਮ ਕਰਦੇ ਸਨ, ਨਾ ਕਿ ਉਸ ਦੇ ਖ਼ਿਲਾਫ਼ ਜਾ ਕੇ। ਅੱਜ ਜੇਕਰ ਅਸੀ ਵਾਤਾਵਰਨ ਬਚਾਉਣਾ ਚਾਹੁੰਦੇ ਹਾਂ ਤਾਂ ਕਿਸਾਨ ਦੀ ਭੂਮਿਕਾ ਮਹੱਤਵਪੂਰਨ ਹੈ। ਉਹ ਜੇਕਰ ਜੈਵਿਕ ਖੇਤੀ ਕਰੇ, ਵਾਧੂ ਪਾਣੀ ਦੀ ਵਰਤੋਂ ਨਾ ਕਰੇ ਅਤੇ ਰੁੱਖ ਲਗਾਏ ਤਾਂ ਇਹ ਸਾਰੇ ਕੰਮ ਵਾਤਾਵਰਨ ਨੂੰ ਸੰਤੁਲਿਤ ਕਰਨ ਵਿੱਚ ਮਦਦਗਾਰ ਹੋਣਗੇ।

## ਸਮਾਜ ਤੇ ਸਰਕਾਰ ਦੀ ਜ਼ਿੰਮੇਵਾਰੀ

ਸਮਾਜ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਕਿਸਾਨ ਸਿਰਫ਼ ਅਨਾਜ ਉਗਾਉਣ ਵਾਲਾ ਨਹੀਂ, ਸਗੋਂ ਕੁਦਰਤ ਦੇ ਸਭ ਤੋਂ ਨੇੜੇ ਹੋ ਕੇ ਜਿਉਣ ਵਾਲਾ ਮਨੁੱਖ ਵੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਹਰੇ-ਭਰੇ ਤਰੀਕਿਆਂ ਨੂੰ ਉਤਸ਼ਾਹ ਦੇਣ, ਨੀਤੀ ਬਦਲਾਅ ਲਿਆਉਣ ਅਤੇ ਕਿਸਾਨੀ ਲਈ ਸਥਿਰ ਆਰਥਿਕ ਮਾਡਲ ਬਣਾਉਣ।

## ਨਵੀਨ ਤਕਨਾਲੋਜੀ ਤੇ ਕੁਦਰਤ

ਅੱਜ ਦੇ ਸਮੇਂ ਵਿੱਚ ਡਰੋਨ, ਮੌਸਮ, ਐਪਸ, ਮਿੱਟੀ ਟੈਸਟਿੰਗ ਅਤੇ ਪਾਣੀ ਸੰਭਾਲ ਦੀਆਂ ਨਵੀਆਂ ਤਕਨਾਲੋਜੀਆਂ ਕਿਸਾਨਾਂ ਦੀ ਮਦਦ ਕਰ ਰਹੀਆਂ ਹਨ। ਜੇ ਇਹ ਤਕਨੀਕਾਂ ਕੁਦਰਤ ਦੀ ਜਾਣਕਾਰੀ ਨਾਲ ਮਿਲਾ ਦਿੱਤੀਆਂ ਜਾਣ ਤਾਂ ਇਹ ਖੇਤੀ ਨੂੰ ਹੋਰ ਵਧੀਆ ਅਤੇ ਤਬਾਹੀ ਤੋਂ ਬਚਾਉਣ ਵਾਲੀਆਂ ਬਣ ਸਕਦੀਆਂ ਹਨ।

## ਮੌਸਮੀ ਬਦਲਾਅ : ਭਵਿੱਖ ਲਈ ਚਿੰਤਾ

ਵਧਦਾ ਤਾਪਮਾਨ, ਘਟਦਾ ਮੀਂਹ ਅਤੇ ਮੌਸਮ ਵਿੱਚ ਆ ਰਹੀ ਗੜਬੜ, ਇਹ ਸਾਰੇ ਇਸ਼ਾਰੇ ਹਨ ਕਿ ਅਸੀਂ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ। ਇਸ ਦਾ ਸਿੱਧਾ ਅਸਰ ਕਿਸਾਨੀ 'ਤੇ ਪੈਂਦਾ ਹੈ। ਇਸ ਲਈ ਮੌਸਮ ਸੰਬੰਧੀ ਜਾਣਕਾਰੀ, ਜਲਵਾਯੂ-ਸਮਰੱਥਾ ਫ਼ਸਲਾਂ ਅਤੇ ਸਥਾਨਕ ਖੇਤੀ ਤਰੀਕਿਆਂ ਨੂੰ ਤਰਜੀਹ ਦੇਣ ਦੀ ਲੋੜ ਹੈ।

ਜੇ ਅਸੀਂ ਲੰਮੇ ਸਮੇਂ ਤੱਕ ਖਾਧ ਪਦਾਰਥ ਹਰੇ-ਭਰੇ ਖੇਤ ਅਤੇ ਸਿਹਤਮੰਦ ਵਾਤਾਵਰਨ ਚਾਹੁੰਦੇ ਹਾਂ ਤਾਂ ਸਾਨੂੰ ਕਿਸਾਨ ਅਤੇ ਕੁਦਰਤ ਦੋਵਾਂ ਦੀ ਸੰਭਾਲ ਕਰਨੀ ਹੋਵੇਗੀ। ਮਿੱਟੀ ਨੂੰ ਬਚਾਉਣਾ, ਪਾਣੀ ਦੀ ਕਦਰ ਕਰਨੀ ਅਤੇ ਮੌਸਮ ਨਾਲ ਤਾਲਮੇਲ ਬਿਠਾ ਕੇ ਖੇਤੀ ਕਰਨੀ ਇਹੀ ਭਵਿੱਖ ਹੈ। ਕਿਸਾਨ ਅਤੇ ਕੁਦਰਤ ਦੀ ਦੋਸਤੀ ਜੇਕਰ ਮਜ਼ਬੂਤ ਹੋਵੇ ਤਾਂ ਨਾ ਸਿਰਫ਼ ਕਿਸਾਨੀ ਚੰਗੀ ਹੋ ਸਕਦੀ ਹੈ, ਸਗੋਂ ਸਾਰੀ ਮਨੁੱਖਤਾ ਦੀ ਭਲਾਈ ਵੀ ਹੋ ਸਕਦੀ ਹੈ ਅਤੇ 'ਕੁਦਰਤ ਬਚਾਓ, ਕਿਸਾਨੀ ਬਚਾਓ' ਨਾਅਰੇ ਨੂੰ ਸੱਚ ਹੁੰਦਿਆਂ ਦੇਰ ਨਹੀਂ ਲੱਗੇਗੀ।

- ਕਮਲਜੀਤ ਕੌਰ ਗੁੰਮਟੀ (ਬਰਨਾਲਾ)
ਮੋਬਾਇਲ : 98769-26873

# ਕਿਸਾਨਾਂ ਨੂੰ ਝੋਨੇ ਦਾ ਬਦਲ ਦਿੱਤਾ ਜਾਵੇ



ਝੋਨੇ ਦੀ ਕਾਸ਼ਤ ਹੇਠ ਰਕਬਾ ਘਟਣ ਦੀ ਥਾਂ ਹਰ ਸਾਲ ਵੱਧ ਰਿਹਾ ਹੈ। ਭਾਵੇਂ ਪੰਜਾਬ ਸਰਕਾਰ ਝੋਨੇ ਦੀ ਕਾਸ਼ਤ ਦਾ ਰਕਬਾ ਘਟਾਉਣ ਲਈ ਬੜਾ ਜ਼ੋਰ ਲਾ ਰਹੀ ਹੈ। ਸਬਜ਼ ਇਨਕਲਾਬ ਤੋਂ ਪਹਿਲਾਂ ਝੋਨੇ ਦੀ ਕਾਸ਼ਤ ਹੇਠ 1960-61 ਵਿੱਚ 2.27 ਲੱਖ ਹੈਕਟੇਅਰ ਰਕਬਾ ਹੁੰਦਾ ਸੀ, ਜੋ ਹੁਣ ਵੱਧ ਕੇ 32.5 ਲੱਖ ਹੈਕਟੇਅਰ ਹੋ ਗਿਆ ਹੈ। ਕਿਸਾਨ ਝੋਨੇ ਹੇਠ ਰਕਬਾ ਇਸ ਲਈ ਵੀ ਵਧਾਉਂਦੇ ਹਨ, ਕਿਉਂਕਿ ਇਹ ਖ਼ਰੀਫ਼ ਦੀ ਮੁੱਖ ਫ਼ਸਲ ਹੈ ਤੇ ਇਸ ਦੇ ਬਰਾਬਰ ਕੋਈ ਹੋਰ ਫ਼ਸਲ ਮੁਨਾਫ਼ਾ ਨਹੀਂ ਦਿੰਦੀ। ਦੇਸ਼ ਭਰ ਵਿੱਚ ਵੀ ਝੋਨੇ ਹੇਠ ਰਕਬਾ ਤੇਜ਼ੀ ਨਾਲ ਵੱਧ ਰਿਹਾ ਹੈ। ਇਸ ਸਾਲ ਖ਼ਰੀਫ਼ ਫ਼ਸਲ ਵਿੱਚ ਰਕਬਾ ਵੱਧ ਕੇ 44.2 ਮਿਲੀਅਨ ਹੈਕਟੇਅਰ ਹੋ ਗਿਆ, ਜੋ ਪਿਛਲੇ ਸਾਲ 43.6 ਮਿਲੀਅਨ ਹੈਕਟੇਅਰ ਸੀ। ਚੌਲਾਂ ਦਾ ਜ਼ਖ਼ੀਰਾ ਵੀ ਸਰਕਾਰੀ ਖਰੀਦ ਏਜੰਸੀਆਂ ਕੋਲ ਖ਼ਪਤਕਾਰਾਂ ਦੀ ਲੋੜ ਤੋਂ ਚਾਰ ਗੁਣਾ ਵੱਧ ਪਿਆ ਹੈ। ਇਸ ਸਾਲ ਅਗਸਤ ਤੋਂ ਅਕਤੂਬਰ ਤੱਕ ਪਹਿਲਾਂ ਮੀਂਹ, ਫਿਰ ਹੜ੍ਹ, ਫਿਰ ਚਾਈਨਾ ਵਾਇਰਸ (ਬੂਟਿਆਂ ਦੇ ਮੱਧਰੇਪਣ ਦੀ ਬਿਮਾਰੀ), ਹਲਦੀ ਰੋਗ ਤੇ ਹੋਰ ਬਿਮਾਰੀਆਂ ਨੇ ਝਾੜ ਵਿੱਚ ਜ਼ਬਰਦਸਤ ਕਮੀ ਲਿਆ ਕੇ ਝੋਨੇ ਦਾ ਉਤਪਾਦਨ ਘਟਾ ਦਿੱਤਾ ਹੈ। ਝੋਨੇ ਦੀ ਕਾਸ਼ਤ ਘਟਾ ਕੇ ਤੇ ਬਾਸਮਤੀ ਦੀ ਵਧਾ ਕੇ ਫ਼ਸਲੀ ਵਿਭਿੰਨਤਾ ਲਿਆਉਣ ਵਿੱਚ ਕੁੱਝ ਸਫ਼ਲਤਾ ਮਿਲੀ ਸੀ। ਬਾਸਮਤੀ ਦੀ ਕਾਸ਼ਤ ਵੇਲੇ 7 ਲੱਖ ਹੈਕਟੇਅਰ ਦੇ ਕਰੀਬ ਰਕਬਾ ਹੋ ਗਿਆ ਸੀ। ਪੰਜਾਬ ਦੇ ਜੀ. ਆਈ. ਜ਼ੋਨ ਵਿੱਚ ਹੋਣ ਕਰਕੇ ਇੱਥੇ ਪੈਦਾ ਕੀਤੀ ਬਾਸਮਤੀ ਖ਼ਪਤਕਾਰਾਂ ਦੀ ਪਸੰਦ ਬਣੀ ਅਤੇ ਦੂਜੇ ਮੁਲਕਾਂ ਵਿੱਚ ਵੀ ਭੇਜੀ ਜਾਣ ਲੱਗੀ। ਭਾਰਤ ਤੋਂ ਕੁੱਲ ਬਰਾਮਦ ਕੀਤੀ ਜਾ ਰਹੀ ਬਾਸਮਤੀ ਦਾ ਹਰਿਆਣਾ ਨੂੰ ਮਿਲਾ ਕੇ ਪੰਜਾਬ ਦਾ 40 ਫ਼ੀਸਦੀ ਯੋਗਦਾਨ ਹੈ। ਇਸ ਤਰ੍ਹਾਂ 40 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਵਿਦੇਸ਼ੀ ਮੁਦਰਾ ਕਮਾਈ ਜਾ ਰਹੀ ਹੈ। ਪਰ ਹੁਣ ਇਸ ਸਾਲ ਬਾਸਮਤੀ ਦੀ ਫ਼ਸਲ ਮੀਂਹਾਂ ਤੇ ਬਿਮਾਰੀਆਂ ਕਾਰਨ ਪ੍ਰਭਾਵਿਤ ਹੋਣ ਕਾਰਨ ਇਸ ਦੀ ਗੁਣਵੱਤਾ ਘੱਟ ਗਈ ਅਤੇ


ਭਗਵਾਨ ਦਾਸ

ਕਿਸਾਨਾਂ ਨੂੰ ਪਿਛਲੇ ਸਾਲ ਦੇ ਮੁਕਾਬਲੇ ਮੁੱਲ ਵੀ ਘੱਟ ਮਿਲ ਰਿਹਾ ਹੈ। ਬਾਸਮਤੀ ਦੀ ਐਮ. ਐੱਸ. ਪੀ. ਨਾ ਹੋਣ ਕਾਰਨ ਕਿਸਾਨ ਮੰਡੀਆਂ ਵਿੱਚ ਆੜ੍ਹਤੀਆਂ ਅਤੇ ਮਿੱਲਰਾਂ ਦੇ ਰਹਿਮ 'ਤੇ ਹਨ। ਅਗਲੇ ਸਾਲਾਂ ਵਿੱਚ ਬਾਸਮਤੀ ਵਿਭਿੰਨਤਾ ਵਜੋਂ ਕਿੰਨੀ ਸਫ਼ਲਤਾ ਪ੍ਰਾਪਤ ਕਰਦੀ ਹੈ, ਇਹ ਦੇਖਣ ਵਾਲੀ ਗੱਲ ਹੋਵੇਗੀ। ਵਿਦੇਸ਼ਾਂ ਖਾੜੀ ਦੇ ਮੁਲਕਾਂ ਤੇ ਈਰਾਨ ਆਦਿ ਜਿੱਥੇ ਬਾਸਮਤੀ ਬਰਾਮਦ ਕੀਤੀ ਜਾਂਦੀ ਹੈ, ਉੱਥੇ ਇਸ ਦੀ ਮੰਗ ਵੱਧ ਰਹੀ ਹੈ ਅਤੇ ਘਰੇਲੂ ਖਪਤ ਵਿੱਚ ਵੀ ਇਹ ਜ਼ਿਆਦਾ ਮਿਕਦਾਰ ਵਿੱਚ ਵਰਤੀ ਜਾ ਰਹੀ ਹੈ। ਕਿਸਾਨ ਇਸ ਦੀ ਕਾਸ਼ਤ ਹੇਠ ਰਕਬਾ ਵਧਾਉਣ ਲਈ ਆਉਣ ਵਾਲੇ ਸਾਲਾਂ ਵਿੱਚ ਕਿੰਨਾ ਕੁ ਉਤਸ਼ਾਹਿਤ ਹੁੰਦੇ ਹਨ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ। ਆਈ.ਸੀ.ਏ.ਆਰ. ਵਲੋਂ ਪੂਸਾ ਬਾਸਮਤੀ-1121 ਤੇ ਪੂਸਾ ਬਾਸਮਤੀ-1509 ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਨਵੀਆਂ ਕਿਸਮਾਂ ਜਿਵੇਂ ਪੀਬੀ-1692, ਪੀਬੀ-1885, ਪੀਬੀ-1847, ਪੀਬੀ-1979, ਪੀਬੀ-1985 ਆਦਿ ਵਿਕਸਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਉਤਪਾਦਕਤਾ ਵੱਧ ਹੈ ਅਤੇ ਸਮੇਂ 'ਤੇ ਬੀਜ ਕੇ ਅਤੇ ਵਧੀਆ ਪਾਲਣ-ਪੋਸ਼ਣ ਕਰ ਕੇ ਗੁਣਵੱਤਾ ਵਾਲੇ ਚੌਲ ਪ੍ਰਾਪਤ ਕੀਤੇ ਜਾ ਸਕਦੇ ਹਨ, ਜਿਸ ਦਾ ਮੁੱਲ ਵੀ ਵੱਧ ਮਿਲੇਗਾ। ਆਲ ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਤੇ ਬਾਸਮਤੀ ਦੇ ਨਾਮਵਰ ਬਰਾਮਦਕਾਰ ਵਿਜੇ ਸੇਤੀਆ ਦਾ ਕਹਿਣਾ ਹੈ ਕਿ ਭਾਰਤ ਵਿੱਚ ਵਿਸ਼ੇਸ਼ ਕਰਕੇ ਪੰਜਾਬ ਤੇ ਹਰਿਆਣਾ ਵਿੱਚ ਬਾਸਮਤੀ ਦੀ ਕਾਸ਼ਤ ਦਾ ਭਵਿੱਖ ਰੌਸ਼ਨ ਰਹਿਣ ਦੀ ਸੰਭਾਵਨਾ ਹੈ।

ਭਾਰਤ ਚੌਲਾਂ ਦੀ ਬਰਾਮਦ ਪੱਖੋਂ ਸਭ ਦੇਸ਼ਾਂ ਨਾਲੋਂ ਮੋਹਰੀ ਦੇਸ਼ ਬਣ ਗਿਆ ਹੈ। ਕਾਫ਼ੀ ਵੱਡੀ ਤਾਦਾਦ ਵਿੱਚ ਇਹ ਚੌਲਾਂ ਤੋਂ ਵਿਦੇਸ਼ੀ ਮੁਦਰਾ ਕਮਾਉਂਦਾ ਹੈ। ਚੌਲ ਉਤਪਾਦਨ ਕਰਨ ਵਾਲੇ ਥਾਈਲੈਂਡ ਤੇ ਵੀਅਤਨਾਮ ਦੇਸ਼ਾਂ ਨੂੰ ਵੀ ਭਾਰਤ ਪਿੱਛੇ ਛੱਡ ਗਿਆ ਹੈ। ਪੰਜਾਬ ਕੇਂਦਰ ਦੇ ਚੌਲ ਭੰਡਾਰ ਵਿੱਚ 30 ਫ਼ੀਸਦੀ ਤੱਕ ਯੋਗਦਾਨ ਪਾ ਰਿਹਾ ਹੈ। ਇਸ ਸਾਲ ਦੇ ਮੀਂਹਾਂ, ਹੜ੍ਹਾਂ ਤੇ ਬਿਮਾਰੀਆਂ ਤੋਂ ਹੋਏ ਨੁਕਸਾਨ ਅਤੇ ਮੰਡੀ ਵਿੱਚ ਕਿਸਾਨਾਂ ਨੂੰ ਯੋਗ ਕੀਮਤ ਨਾ ਮਿਲਣ ਕਾਰਨ ਭਵਿੱਖ ਵਿੱਚ ਭਾਵੇਂ ਝੋਨੇ ਦੀ ਬਜਾਏ ਕੋਈ ਹੋਰ ਫ਼ਸਲ ਲਗਾਉਣ ਲਈ ਕਿਸਾਨ ਹੁਣੇ ਤੋਂ ਚਰਚਾ ਕਰ ਰਹੇ ਹਨ ਪਰ ਉਨ੍ਹਾਂ ਨੂੰ ਕੋਈ ਅਜਿਹਾ ਲਾਹੇਵੰਦ ਬਦਲ ਨਹੀਂ ਮਿਲ ਰਿਹਾ। ਲੋੜ ਹੈ ਕਿ ਖੋਜ ਮਜ਼ਬੂਤ ਹੋਵੇ ਤੇ ਕਿਸਾਨਾਂ ਨੂੰ ਕੋਈ ਝੋਨੇ ਦਾ ਲਾਹੇਵੰਦ ਬਦਲ ਵਿਕਸਿਤ ਕਰਕੇ ਮੁਹੱਈਆ ਕੀਤਾ ਜਾਵੇ ਤਾਂ, ਜੋ ਝੋਨੇ ਦੀ ਕਾਸ਼ਤ ਹੇਠਲਾ ਰਕਬਾ ਘਟਾਇਆ ਜਾ ਸਕੇ ਅਤੇ ਪ੍ਰਦੂਸ਼ਣ ਤੇ ਪਰਾਲੀ ਸਾੜਨ ਦੀ ਸਮੱਸਿਆ ਦਾ ਵੀ ਹੱਲ ਨਿਕਲ ਸਕੇ।

ਜ਼ਮੀਨ ਹੇਠਲੇ ਪਾਣੀ ਦਾ ਪੱਧਰ ਘੱਟਣ ਦੀ ਸਮੱਸਿਆ 'ਤੇ ਕਾਬੂ ਪਾਉਣ ਲਈ ਕਾਫ਼ੀ ਹੱਦ ਤੱਕ ਬਾਸਮਤੀ ਦੀ ਕਾਸ਼ਤ ਅਤੇ ਪੰਜਾਬ ਪ੍ਰੀਜ਼ਰਵੇਸ਼ਨ ਆਫ਼ ਸਬ ਸੁਆਇਲ ਵਾਟਰ ਐਕਟ 2009 ਨੇ ਵੀ ਯੋਗਦਾਨ ਪਾਇਆ ਹੈ। ਬਾਸਮਤੀ ਦੀ ਕਾਸ਼ਤ ਆਮ ਤੌਰ 'ਤੇ ਜੁਲਾਈ ਵਿੱਚ ਕੀਤੀ ਜਾਂਦੀ ਹੈ, ਜਦੋਂ ਕਿ ਮੀਂਹ ਸ਼ੁਰੂ ਹੋ ਜਾਂਦੇ ਹਨ। ਕਈ ਹਾਲਤਾਂ ਵਿੱਚ ਤਾਂ ਇਹ ਇੱਕ ਮੀਂਹ ਨਾਲ ਹੀ ਪੱਕ ਜਾਂਦੀ ਹੈ। ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾਉਣ ਲਈ ਸਰਕਾਰ ਵੱਲੋਂ ਕਿਸਾਨਾਂ ਨੂੰ ਰਿਆਇਤਾਂ ਦੇ ਕੇ, ਖੋਜ ਮਜ਼ਬੂਤ ਕਰਕੇ, ਬਾਸਮਤੀ ਤੇ ਝੋਨੇ ਤੋਂ ਇਲਾਵਾ ਹੋਰ ਦੂਜੀਆਂ ਫ਼ਸਲਾਂ ਦੀ ਕਾਸ਼ਤ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਵੱਲੋਂ ਝੋਨੇ ਦੀ ਬਜਾਏ ਬਾਸਮਤੀ, ਕਪਾਹ-ਨਰਮਾ, ਸਬਜ਼ੀਆਂ ਅਤੇ ਫ਼ਲਾਂ ਦੀ ਕਾਸ਼ਤ ਵਧਾਉਣ ਲਈ ਖ਼ਰੀਫ਼ ਸੀਜ਼ਨ ਵਿੱਚ ਕਿਸਾਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਣੀ ਚਾਹੀਦੀ ਹੈ। ਸਬਜ਼ੀਆਂ ਦੀ ਕਾਸ਼ਤ ਹੇਠ ਰਕਬਾ ਵਧਾਉਣ ਦੀਆਂ ਕੁੱਝ ਸੰਭਾਵਨਾਵਾਂ ਹਨ, ਪਰ ਇਨ੍ਹਾਂ ਦੀ ਕੀਮਤ ਵਿੱਚ ਬੜਾ ਉਤਰਾਅ-ਚੜ੍ਹਾਅ ਹੈ। ਜੋ ਕੀਮਤ ਖ਼ਪਤਕਾਰ ਅਦਾ ਕਰਦੇ ਹਨ, ਕਿਸਾਨਾਂ ਨੂੰ ਉਸ ਦਾ ਬਹੁਤ ਥੋੜ੍ਹਾ ਹਿੱਸਾ ਹੀ ਮਿਲਦਾ ਹੈ। ਸਬਜ਼ੀਆਂ ਦੇ ਮੰਡੀਕਰਨ ਦਾ ਯੋਗ ਪ੍ਰਬੰਧ ਕਰਕੇ ਨੌਜਵਾਨ ਕਿਸਾਨਾਂ ਨੂੰ ਸਬਜ਼ੀਆਂ ਸਿੱਧੀਆਂ ਖ਼ਪਤਕਾਰਾਂ ਨੂੰ ਵੇਚਣ ਲਈ ਉਪਰਾਲਾ ਕੀਤਾ ਜਾਵੇ, ਤਾਂ ਜੋ ਖ਼ਪਤਕਾਰਾਂ ਵੱਲੋਂ ਅਦਾ ਕੀਤੀ ਗਈ ਪੂਰੀ ਕੀਮਤ ਜੋ ਕਿਸਾਨਾਂ ਨੂੰ ਨਹੀਂ ਮਿਲਦੀ, ਉਹ ਉਨ੍ਹਾਂ ਦੇ ਪੱਲੇ ਪਵੇ ਤਾਂ ਸਬਜ਼ੀਆਂ ਦੀ ਫ਼ਸਲ ਲਾਹੇਵੰਦ ਸਿੱਧ ਹੋਵੇ।

---

### ਸੰਦਾਂ ਦੀ ਮੁਰੰਮਤ ਕਰਨ ਵਾਲੇ ਕਾਰੀਗਰਾਂ ਨੂੰ ਪੈ ਰਹੀ ਹੈ ਵੱਡੀ ਆਰਥਿਕ ਮਾਰ

# ਮਸ਼ੀਨੀ ਯੁੱਗ ਦੀ ਭੇਟ ਚੜ੍ਹੇ ਰਵਾਇਤੀ ਸੰਦ

## ਕਾਰੀਗਰ ਸੁਪਰਸੀਡਰ ਤੇ ਹੈਪੀਸੀਡਰਾਂ ਦੀ ਰਿਪੇਅਰ ਤੱਕ ਹੀ ਸੀਮਤ : ਮਕੈਨਿਕ ਬਲਰਾਜ ਸਿੰਘ

ਹੜ੍ਹ ਕਾਰਨ ਝੋਨੇ ਦੀ ਫ਼ਸਲ ਨਸ਼ਟ ਹੋਣ ਕਾਰਨ ਕਿਸਾਨੀ ਅਤੇ ਹੋਰ ਕੰਮ-ਕਾਜ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਏ ਹਨ। ਉਥੇ ਇਸ ਵਾਰ ਹੱਲਾ,



ਹੈਰੋ (ਤਵੇ), ਟਿੱਲਰ, ਸੁਹਾਗੇ ਅਤੇ ਡਰਿੱਲ ਦੀ ਵਰਤੋਂ ਨਾਮਾਤਰ ਹੋਣ ਕਾਰਨ ਇਹ ਹੈਪੀਸੀਡਰ ਅਤੇ ਸੁਪਰ ਸੀਡਰਾਂ ਦੀ ਭੇਟ ਚੜ੍ਹ ਗਏ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਬਲਰਾਜ ਇੰਜੀਨੀਅਰਿੰਗ ਵਰਕਸ ਦੇ ਮਾਲਕ ਬਲਰਾਜ ਸਿੰਘ ਬਿਸ਼ਨਕੋਟ, ਨਰੇਸ਼ ਕੁਮਾਰ ਰੈਬੋ, ਲੱਖਾ ਸਿੰਘ ਆਦਿ ਨੇ ਦੱਸਿਆ ਕਿ ਅੱਜ ਦੇ ਕੰਪਿਊਟਰ ਯੁੱਗ ਵਿੱਚ ਹਰ ਸਾਲ ਨਵੀਆਂ-ਨਵੀਆਂ ਤਕਨੀਕਾਂ ਆਉਣ ਕਾਰਨ ਕਿਸਾਨੀ ਦੇ ਸੰਦ ਰਿਪੇਅਰ ਕਰਕੇ ਪਰਿਵਾਰਾਂ ਦਾ ਗੁਜ਼ਾਰਾ ਕਰਨ ਵਾਲੇ ਕਾਰੀਗਰਾਂ ਨੂੰ ਮਾਰ ਪੈ ਰਹੀ ਹੈ।

ਮਕੈਨਿਕ ਬਲਰਾਜ ਸਿੰਘ ਨੇ ਦੱਸਿਆ ਕਿ ਉਸ ਨੇ 1984 ਵਿੱਚ ਇੰਜੀਨੀਅਰਿੰਗ ਵਰਕਸ ਦਾ ਕੰਮ ਸਿੱਖਣ ਉਪਰੰਤ 1990 ਵਿੱਚ ਆਪਣੀ ਵਰਕਸ ਖੋਲ੍ਹੀ ਸੀ। ਉਸ ਨੇ ਦੱਸਿਆ ਕਿ ਜਿੱਥੇ ਚਾਰ ਦਹਾਕੇ ਪਹਿਲਾਂ ਉਹਨਾਂ ਦੇ ਵੱਡੇ-ਵਡੇਰੇ ਬਲਦਾਂ ਦੀਆਂ ਜੋੜੀਆਂ ਨਾਲ ਖੇਤਾਂ ਨੂੰ ਹਲਾਂ ਨਾਲ ਵਾਹੁੰਦੇ ਅਤੇ ਸੁਹਾਗਾ ਮਾਰ ਕੇ ਫ਼ਸਲਾਂ ਦੀ ਬਿਜਾਈ ਕਰਦੇ ਸਨ। ਉੱਥੇ ਸਮਾਂ ਬਦਲਣ 'ਤੇ ਤਿੰਨ ਦਹਾਕੇ ਪਹਿਲਾਂ ਆਪਣੀ ਇੰਜ. ਵਰਕਸ ਦੇ ਟਰੈਕਟਰ ਦੀਆਂ ਹੱਲਾ, ਤਵੇ, ਸੁਹਾਗੇ, ਟਿਲਰ ਅਤੇ ਕਣਕ ਦੀ ਬਿਜਾਈ ਵਾਲੀ ਡਰਿੱਲ ਦੀ ਰਿਪੇਅਰ ਅਗਸਤ ਮਹੀਨੇ ਤੋਂ ਸ਼ੁਰੂ ਕਰ ਦਿੰਦੇ ਸਨ ਅਤੇ ਲਗਾਤਾਰ ਤਿੰਨ ਮਹੀਨੇ ਮਿਹਨਤ ਕਰਦੇ ਸਨ। ਇੱਥੋਂ ਤੱਕ ਕਿ ਰਾਤ-ਦਿਨ ਕਾਰੀਗਰਾਂ ਨੂੰ ਕਣਕ ਦੀ ਬਿਜਾਈ ਦੌਰਾਨ ਕੰਮ ਕਰਨਾ ਪੈਂਦਾ ਸੀ, ਪਰੰਤੂ ਸਮਾਂ ਬਦਲਦਿਆਂ ਹੀ ਨਵੀਆਂ-ਨਵੀਆਂ ਤਕਨੀਕਾਂ ਅਤੇ ਮਸ਼ੀਨਰੀਆਂ ਆਉਣ ਕਾਰਨ ਹੱਥੀਂ ਕੰਮ ਕਰਨ ਵਾਲਿਆਂ ਦੇ ਕਾਰੋਬਾਰ ਚੌਪਟ ਹੋ ਕੇ ਰਹਿ ਗਏ ਹਨ।

ਬਲਰਾਜ ਸਿੰਘ ਨੇ ਦੱਸਿਆ ਕਿ ਇਸ ਵਾਰ ਕਣਕ ਦੀ ਬਿਜਾਈ ਪਿੰਡ-ਪਿੰਡ ਹੈਪੀਸੀਡਰ ਅਤੇ ਸੁਪਰਸੀਡਰ ਨਾਲ ਵੱਡੇ ਪੱਧਰ 'ਤੇ ਹੋ ਰਹੀ ਹੈ। ਉਹਨਾਂ ਦੱਸਿਆ ਕਿ ਜਿੱਥੇ ਪਹਿਲਾਂ ਕਿਸਾਨਾਂ ਵੱਲੋਂ ਝੋਨੇ ਦੀ ਕੰਬਾਈਨ ਨਾਲ ਜਾਂ ਹੱਥਾਂ ਨਾਲ ਵਾਢੀ ਕਰਵਾਉਣ ਉਪਰੰਤ ਖੇਤ ਨੂੰ ਹੈਲੋ ਤਵਿਆਂ ਨਾਲ ਵਾਹੁਣ ਤੋਂ ਇਲਾਵਾ ਟਰੈਕਟਰ ਦੀਆਂ ਹੱਲਾਂ ਨਾਲ ਖੇਤ ਨੂੰ ਵਾਹ ਕੇ ਤਿਆਰੀ ਕਰਕੇ ਸੁਹਾਗਾ ਮਾਰਿਆ ਜਾਂਦਾ ਸੀ, ਪਰੰਤੂ ਇਸ ਵਾਰ ਤਾਂ ਹੈਪੀਸੀਡਰ ਅਤੇ ਸੁਪਰਸੀਡਰ ਨਾਲ ਖੇਤ ਨੂੰ ਵਾਹੁਣ ਤੋਂ ਬਿਨਾਂ ਹੀ ਸਿੱਧੀ ਕਣਕ ਦੀ ਬਿਜਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਹਨਾਂ ਦੀਆਂ ਉਹ ਵਰਕਸ਼ਾਪਾਂ 'ਤੇ ਕੇਵਲ ਸੁਪਰਸੀਡਰ ਅਤੇ ਹੈਪੀਸੀਡਰ ਰਿਪੇਅਰ ਕਰਨ ਤੋਂ ਇਲਾਵਾ ਜ਼ੀਰੋ ਡਰਿੱਲ ਮਸ਼ੀਨਾਂ ਰਿਪੇਅਰ ਵਾਸਤੇ ਆ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਵਾਰ ਜਿੱਥੇ ਹੜ੍ਹ ਕਾਰਨ ਇਸ ਇਲਾਕੇ ਦੇ ਕਿਸਾਨਾਂ ਦੀਆਂ ਵੱਡੇ ਪੱਧਰ 'ਤੇ ਫ਼ਸਲਾਂ ਨਸ਼ਟ ਹੋ ਚੁੱਕੀਆਂ ਹਨ, ਉੱਥੇ ਹੋਰ ਰਵਾਇਤੀ ਸੰਦਾਂ ਦੀ ਰਿਪੇਅਰ ਨਾ ਹੋਣ ਕਾਰਨ ਇੰਜ. ਵਰਕਸ਼ਾਪਾਂ ਦੇ ਮਾਲਕ ਤੇ ਮਕੈਨਿਕ ਵਿਹਲੇ ਬੈਠੇ ਹੋਏ ਹਨ। ਉਨ੍ਹਾਂ ਦੱਸਿਆ ਕਿ ਇਸ ਵਾਰ ਉਨ੍ਹਾਂ ਨੂੰ ਬੈਂਕਾਂ ਦੀਆਂ ਲਿਮਟਾਂ, ਦੁਕਾਨਾਂ ਦੇ ਕਿਰਾਏ ਅਤੇ ਬਿਜਲੀ ਬਿੱਲ ਜਮ੍ਹਾਂ ਕਰਵਾਉਣ ਦੀ ਚਿੰਤਾ ਸਤਾ ਰਹੀ ਹੈ। ਬਲਰਾਜ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਹੜ੍ਹ ਪ੍ਰਭਾਵਿਤ ਖੇਤਰ ਦੇ ਕਿਸਾਨਾਂ ਦੀ ਜਿੱਥੇ ਬਾਂਹ ਫੜੀ ਜਾ ਰਹੀ ਹੈ, ਉੱਥੇ ਮਜ਼ਦੂਰ ਅਤੇ ਮਕੈਨਿਕਾਂ ਨੂੰ ਵੀ ਬਿਜਲੀ ਮੁਆਫ਼ੀ ਦੀ ਸਹੂਲਤ ਦੇ ਕੇ ਉਨ੍ਹਾਂ ਦੀ ਆਰਥਿਕ ਸਹਾਇਤਾ ਕੀਤੀ ਜਾਵੇ।

# ਸਵਾਇਨ ਬੁਖਾਰ (ਸੀ ਐਸ ਐਫ)



### ਸੀ ਐਸ ਐਫ ਕੀ ਹੈ ?

ਇਸ ਬਿਮਾਰੀ ਨੂੰ ਹੋਗ ਕੋਲਰਾ ਅਤੇ ਸਵਾਇਨ ਪਲੇਗ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਹੈ । ਇਹ ਬਿਮਾਰੀ ਪੈਸਟੀ ਵਿਸ਼ਾਣੂੰ ਨਾਮ ਦੇ ਵਿਸ਼ਾਣੂੰ ਨਾਲ ਹੁੰਦੀ ਹੈ । ਇਹ ਵਿਸ਼ਾਣੂੰ ਉਹਨਾਂ ਵਿਸ਼ਾਣੂੰਆਂ ਨਾਲ ਨੇੜਿਓਂ ਜੁੜਿਆ ਹੋਇਆ ਹੈ, ਜੋ ਪਸ਼ੂਆਂ ਵਿਚ ਬੋਵਾਇਨ ਵਾਇਰਸ ਦਸਤ ਅਤੇ ਭੇਡਾਂ ਵਿਚ ਸਰਹੱਦੀ ਬਿਮਾਰੀ ਦਾ ਕਾਰਨ ਬਣਦੇ ਹਨ ।

ਸੀ ਐਸ ਐਫ ਇੱਕ ਬਿਮਾਰੀ ਹੈ, ਜੋ ਓ ਆਈ ਈ ਵਰਲਡ ਆਰਗੇਨਾਈਜੇਸ਼ਨ ਫੋਰ ਐਨੀਮਲ ਹੈਲਥ (ਓ ਆਈ ਈ) ਟੈਰੇਸਟ੍ਰਿਅਲ ਐਨੀਮਲ ਹੈਲਥ ਕੋਡ ਦੁਆਰਾ ਸੂਚੀ ਬੱਧ ਹੈ ਅਤੇ ਇਹ ਬਿਮਾਰੀ ਬਹੁਤ ਖਤਰਨਾਕ ਹੈ । ਜਿੱਥੇ ਵੀ ਇਸ ਬਿਮਾਰੀ ਦਾ ਪ੍ਰਕੋਪ ਹੋਏ ਤਾਂ ਇਸਦੀ ਰਿਪੋਰਟ ਓ ਆਈ ਈ (ਟੈਰੇਸਟ੍ਰਿਅਲ ਐਨੀਮਲ ਹੈਲਥ ਕੋਡ) ਨੂੰ ਦਿੱਤੀ ਜਾਣੀ ਚਾਹੀਦੀ ਹੈ ।

ਸੀ ਐਸ ਐਫ ਵਿਸ਼ਵ ਵਿਚ ਸੂਰਾਂ ਦੀ ਸਭ ਤੋਂ ਵੱਡੀ ਆਰਥਿਕ ਤੌਰ ਉੱਤੇ ਨੁਕਸਾਨ ਪਹੁੰਚਾਉਣ ਵਾਲੀ ਮਹਾਂਮਾਰੀ ਵਾਲੀਆਂ ਬਿਮਾਰੀਆਂ ਵਿੱਚੋਂ ਇੱਕ ਹੈ । ਸਰਕਾਰ ਇਸ ਬਿਮਾਰੀ ਨੂੰ ਬਹੁਤ ਗੰਭੀਰਤਾ ਨਾਲ ਲੈਂਦੀ ਹੈ ਅਤੇ ਸਖਤ ਨਿਯੰਤਰਨ ਨੀਤੀਆਂ ਅਪਣਾਉਂਦੀਆਂ ਹਨ, ਜਿਸ ਵਿਚ ਲਾਜ਼ਮੀ ਟੀਕਾਕਰਨ ਅਤੇ ਖਾਤਮੇ ਦੀਆਂ ਨੀਤੀਆਂ ਸ਼ਾਮਲ ਹਨ ।

ਇੱਕ ਸੰਵੇਦਨਸ਼ੀਲ (ਗੈਰ-ਟੀਕਾਕਰਨ) ਝੁੰਡ ਵਿਚਲੇ ਸਾਰੇ ਸੂਰ ਪ੍ਰਭਾਵਿਤ ਹੁੰਦੇ ਹਨ । ਇਹ ਬੁਖਾਰ, ਬੇਚੈਨੀ, ਭੁੱਖ ਨਾ ਲੱਗਣਾ, ਦਸਤ, ਅਧਰੰਗ, ਗਰਭਪਾਤ ਅਤੇ ਕੰਬਦੇ ਹੋਏ ਸੂਰਾਂ ਦਾ ਜਨਮ ਸਮੇਤ ਆਮ ਬਿਮਾਰੀਆਂ, ਇਸਦਾ ਕਾਰਨ ਬਣਦੀਆਂ ਹਨ । ਸੀ ਐਸ ਐਫ ਦਾ ਮੌਤ ਦਰ ਬਹੁਤ ਜ਼ਿਆਦਾ ਹੈ । ਵਿਸ਼ਾਣੂੰ ਦੀ ਸਿਰਫ ਇਕ ਸੀਰੋ ਟਾਈਪ ਹੈ ਜਿਸ ਨੂੰ ਬਿਮਾਰੀ ਨਾ ਕਰਨ ਵਾਲੇ ਰੂਪ ਵਿਚ ਲਿਆ ਕੇ ਟੀਕਾਕਰਨ ਲਈ ਵਰਤਿਆ ਜਾਂਦਾ ਹੈ ਅਤੇ ਇਹ ਟੀਕੇ ਬਹੁਤ ਪ੍ਰਭਾਵਸ਼ਾਲੀ ਹਨ । ਇਹ ਵਿਸ਼ਾਣੂੰ ਕੱਚੇ ਮੀਟ ਵਿਚ ਜਿੰਦਾ ਰਹਿੰਦਾ ਹੈ ਅਤੇ ਇਸ ਲਈ ਕੱਚਾ ਮੀਟ ਸੂਰਾਂ ਨੂੰ ਖੁਆਇਆ ਨਹੀਂ ਜਾਣਾ ਚਾਹੀਦਾ ।

### ਸੀ ਐਸ ਐਫ ਬਿਮਾਰੀ ਕਿਵੇਂ ਫੈਲਦੀ ਹੈ ?

★ ਭਾਰਤ ਵਿਚ ਸੀ ਐਸ ਐਫ ਦੇ ਪ੍ਰਕੋਪ ਦੀ ਰਿਪੋਰਟ ਬਹੁਤ ਸਾਰੇ ਰਾਜਾਂ ਵਿਚ ਹੋਈ ਹੈ, ਇਹ ਉੱਤਰ-ਪੂਰਵੀ ਰਾਜਾਂ ਵਿੱਚ ਦੇਖੀ ਗਈ ਹੈ ।

★ ਵਿਸ਼ਾਣੂੰ ਲਾਰ, ਨੱਕ ਰਾਹੀਂ, ਪਿਸ਼ਾਬ ਅਤੇ ਮਲ ਵਿਚ ਵਹਾਇਆ ਜਾਂਦਾ ਹੈ ।



★ ਦੂਸ਼ਿਤ ਵਾਹਨਾਂ, ਸ਼ੈਡਾਂ, ਫੀਡ ਜਾਂ ਕੱਪੜਿਆਂ ਦੇ ਸੰਪਰਕ ਨਾਲ ਬਿਮਾਰੀ ਫੈਲ ਸਕਦੀ ਹੈ ।

★ ਉਹ ਜਾਨਵਰ ਜੋ ਬਿਮਾਰੀ ਦੇ ਭਿਆਨਕ ਵਾਹਕ ਹਨ (ਨਿਰੰਤਰ ਸੰਕਰਮਿਤ), ਬਿਮਾਰੀ ਦੇ ਕੋਈ ਲੱਛਣ ਨਹੀਂ ਦਿਖਾ ਸਕਦੇ ਪਰ ਉਹ ਆਪਣੇ ਮਲ ਰਾਹੀਂ ਵਿਸ਼ਾਣੂੰ ਨੂੰ ਫੈਲਾ ਸਕਦੇ ਹਨ ।

★ ਗਰਭਵਤੀ ਸੂਰੀ/ਸੂਰਨੀ ਦਾ ਬੱਚਾ ਗਰਭਾਸ਼ਯ ਸਮੇਂ ਵਿਚ ਸੰਕਰਮਿਤ ਹੋ ਸਕਦਾ ਹੈ ਅਤੇ ਮਹੀਨਿਆਂ ਤੱਕ ਵਿਸ਼ਾਣੂੰ ਨੂੰ ਫੈਲਾ ਸਕਦਾ ਹੈ ।

★ ਮੀਟ ਨੂੰ ਸਟੋਰ ਕਰਨ ਲਈ ਜਦੋਂ ਮੀਟ ਠੰਡਾ ਜਾਂ ਜਮਾਇਆ ਜਾਂਦਾ ਹੈ ਤਾਂ ਇਹ ਵਿਸ਼ਾਣੂੰ ਠੰਡੇ ਮੀਟ ਵਿਚ ਵੀ ਸਾਲਾਂ ਤੱਕ ਜਿਉਂਦਾ ਰਹਿ ਸਕਦਾ ਹੈ ।

★ ਇਹ ਵਿਸ਼ਾਣੂੰ ਸੂਰ ਦੇ ਮਾਸ (ਪੋਰਕ) ਰਾਹੀਂ ਵੀ ਫੈਲਦਾ ਹੈ ਕਿਉਂਕਿ ਸੀ ਐਸ ਐਫ ਨਾਲ ਸੰਕਰਮਿਤ ਸੂਰ ਦਾ ਮਾਸ ਜਾਂ ਉਤਪਾਦ ਖਾਣ ਨਾਲ ਸੂਰ ਸੰਕਰਮਿਤ ਹੋ ਸਕਦੇ ਹਨ, ਕਿਉਂਕਿ ਇਹ ਵਿਸ਼ਾਣੂੰ ਮਰਨ ਤੋਂ ਬਾਅਦ ਵੀ ਉਸਦੇ ਮਾਸ ਵਿਚ ਰਹਿੰਦਾ ਹੈ ।

### ਸੀ ਐਸ ਐਫ ਨਾਲ ਜਨਤਕ ਸਿਹਤ ਦਾ ਜੋਖਮ :

★ ਮਨੁੱਖ ਇਸ ਵਾਇਰਸ ਨਾਲ ਪ੍ਰਭਾਵਿਤ ਨਹੀਂ ਹੁੰਦੇ ।

★ ਸੂਰ ਇੱਕੋ-ਇੱਕ ਅਜਿਹੀ ਪ੍ਰਜਾਤੀ ਹੈ ਜਿਸਨੂੰ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ ।

### ਸੀ ਐਸ ਐਫ ਦੇ ਲੱਛਣ :

ਇਹ ਬਿਮਾਰੀ ਬਹੁਤ ਭਿਆਨਕ ਹੈ ਅਤੇ ਹਰ ਉਮਰ ਦੇ ਸੂਰਾਂ ਨੂੰ ਸੰਕਰਮਿਤ ਕਰ ਸਕਦੀ ਹੈ । ਸੰਕਰਮਿਤ ਸੂਰਾਂ ਵਿਚ ਹੇਠ ਲਿਖੇ ਲੱਛਣ ਆਉਂਦੇ ਹਨ :

★ ਇਕ ਨਿਰੰਤਰ ਸ਼ੁਰੂਆਤੀ ਚਿੰਨ੍ਹ, ਜੋ ਮੌਤ ਤੋਂ ਠੀਕ ਪਹਿਲਾਂ ਤੱਕ ਪੂਰੀ ਬਿਮਾਰੀ ਵਿਚ ਬਣਿਆ ਰਹਿੰਦਾ ਹੈ, ਇੱਕ ਤੇਜ਼ ਬੁਖਾਰ, ਜੋ ਕਿ 42°C (107°F) ਤੋਂ ਵੱਧ ਰਹਿੰਦਾ ਹੈ । ਇਸ ਲਈ ਬਿਮਾਰ ਸੂਰਾਂ ਦੇ ਸਰੀਰ ਦੇ ਤਾਪਮਾਨ ਦੀ ਜਾਂਚ ਕਰਨੀ ਜ਼ਰੂਰੀ ਹੈ ।

★ ਬਿਮਾਰ ਜਾਨਵਰਾਂ ਦਾ ਇਕੱਠ ਵਿੱਚ ਰਹਿਣਾ ।

★ ਭੁੱਖ ਨਾ ਲੱਗਣਾ ।

★ ਸੂਰ ਦਾ ਸੁਸਤ ਅਤੇ ਕਮਜ਼ੋਰ ਹੋਣਾ ।

★ ਅੱਖਾਂ ਦਾ ਲਾਲ ਹੋਣਾ ਅਤੇ ਅੱਖਾਂ ਵਿਚ ਜਲਣ ਹੋਣਾ ਇਹ ਸਮੇਂ ਦੇ ਨਾਲ ਵਿਗੜ ਜਾਂਦਾ ਹੈ । ਸਮੇਂ ਦੇ ਨਾਲ ਅੱਖਾਂ ਦਾ ਡਿਸਚਾਰਜ ਸੰਘਣਾ ਹੁੰਦਾ ਹੈ, ਜਦੋਂ ਤੱਕ ਕਿ ਕੁੱਝ ਪਲਕਾਂ ਪੂਰੀ ਤਰ੍ਹਾਂ ਬੰਦ ਨਹੀਂ ਹੋ ਜਾਂਦੀਆਂ ਹਨ ।

★ ਕਬਜ਼ ਤੋਂ ਬਾਅਦ ਦਸਤ ਲੱਗਣਾ । ਬਿਮਾਰੀ ਦੇ ਗੰਭੀਰ ਰੂਪ ਵਿਚ ਦਸਤ ਵਿਗੜ ਜਾਂਦੇ ਹਨ ਅਤੇ ਕੁਝ ਸੂਰ ਇੱਕ ਪੀਲੇ ਰੰਗ ਦੀ ਉਲਟੀ ਕਰਦੇ ਹਨ ।

★ ਅਸਥਿਰ ਚਾਲ ।

★ ਸੂਰਾਂ ਦੀ ਚਮੜੀ ਨੀਲੀ (ਬੈਂਗਣੀ) ਹੋ ਜਾਂਦੀ ਹੈ, ਪਹਿਲਾਂ ਕੰਨਾਂ ਅਤੇ ਪੂੰਛ ਦੇ ਉੱਪਰ, ਉਸ ਤੋਂ ਬਾਅਦ ਹੇਠਲੀਆਂ ਲੱਤਾਂ, ਢਿੱਡ ਅਤੇ ਪਿੱਠ ਨੀਲੀ ਪੈ ਜਾਂਦੀ ਹੈ ।

★ ਸੰਕਰਮਿਤ ਸੂਰ ਵਿਚ ਅਧਰੰਗ ਦੇ ਨਤੀਜੇ ਵਜੋਂ ਸਿਮਾਗੀ ਲੱਛਣ ਜਿਵੇਂ ਕਿ ਅਸਥਿਰ ਚਾਲ ਅਤੇ ਬੈਠਣ ਜਾਂ ਲੇਟਣ ਦੀ ਸਥਿਤੀ ਵਿੱਚ ਡਿੱਗਣ ਦੀ ਪ੍ਰਵਿਰਤੀ ਦੇਖੀ ਜਾਂਦੀ ਹੈ ।

★ ਗੰਭੀਰ ਬਿਮਾਰੀ ਵਾਲੇ ਪਸ਼ੂ 1-2 ਹਫਤਿਆਂ ਦੇ ਅੰਦਰ ਮਰ ਜਾਂਦੇ ਹਨ ।

★ ਕਈ ਵਾਰ ਇਹ ਬਿਮਾਰੀ ਬਹੁਤ ਸਮੇਂ ਤੱਕ ਚਲਦੀ ਹੈ ਅਤੇ ਉਸ ਦੌਰਾਨ ਕੰਨ ਪੇਟ ਅਤੇ ਉਸਦੇ ਪੱਟਾਂ ਵਿਚ ਜਾਮਣੀ ਰੰਗ ਦਿਖਾਈ ਦੇ ਸਕਦਾ ਹੈ ।

★ ਸੂਰੀ ਦੀ ਗਰਭਾਸ਼ਯ ਅਤੇ ਬੱਚੇ ਦੇਣ ਦੀ ਸ਼ਕਤੀ ਘੱਟ ਜਾਂਦੀ ਹੈ ।

★ ਸੰਕਰਮਿਤ ਸੂਰੀ ਜੇ ਬੱਚੇ ਦਿੰਦੀ ਵੀ ਹੈ ਤਾਂ ਉਹਨਾਂ ਵਿੱਚ ਜਮਾਂਦਰੂ ਕੰਬਣ ਵਾਲੇ ਰੋਗ ਦੇਖੇ ਜਾਂਦੇ ਹਨ । ਜਿਸ ਕਰਕੇ ਕਈ ਵਾਰ ਉਹਨਾਂ ਦੀ ਮੌਤ ਹੋ ਜਾਂਦੀ ਹੈ ।

★ ਸੂਰ ਦੇ ਸੰਕਰਮਿਤ ਬੱਚੇ ਠੰਢੇ, ਕੰਬਦੇ ਅਤੇ ਇਕੱਠੇ ਹੋ ਜਾਂਦੇ ਦਿਖਾਈ ਦਿੰਦੇ ਹਨ ।



### ਸੀ ਐਸ ਐਫ ਦੇ ਪੋਸਟ-ਮਾਰਟਮ ਜ਼ਖਮ :

★ ਜਦੋਂ ਸੂਰ ਮਰ ਜਾਂਦਾ ਹੈ ਤਾਂ ਉਸ ਦੀਆਂ ਅੰਤੜੀਆਂ ਵਿੱਚ ਬਟਨ ਦੀ ਤਰ੍ਹਾਂ ਦਿਖਣ ਵਾਲੇ ਛਾਲੇ ਹੋ ਜਾਂਦੇ ਹਨ ।

★ ਸਾਰੀ ਚਮੜੀ ਨੀਲੀ ਪੈ ਜਾਂਦੀ ਹੈ ।

★ ਗਿਲਟੀਆਂ, ਅੰਤੜੀਆਂ, ਗੁਰਦੇ, ਤਿਲੀ, ਗਲੇ ਅਤੇ ਟੌਨਸਿਲ ਵਿਚ ਖੂਨ ਦੇ ਧੱਬੇ ਦੇਖਣ ਨੂੰ ਮਿਲਦੇ ਹਨ ।

### ਸੀ ਐਸ ਐਫ ਦੀ ਰੋਕਥਾਮ ਅਤੇ ਨਿਯੰਤਰਨ ਕਿਵੇਂ ਕੀਤਾ ਜਾ ਸਕਦਾ ਹੈ ?

★ ਜੇਕਰ ਤੁਸੀਂ ਕਿਸੇ ਅਜਿਹੇ ਦੇਸ਼ ਵਿਚ ਖੇਤੀ ਕਰਦੇ ਹੋ ਜਿੱਥੇ ਸੀ ਐਸ ਐਫ ਸਥਾਈ ਹੁੰਦੀ ਹੈ ਜਾਂ ਜਿੱਥੇ ਸੀ ਐਸ ਐਫ ਹੋਣ ਦਾ ਖਤਰਾ ਹੁੰਦਾ ਹੈ, ਉੱਥੇ ਜੇਕਰ ਟੀਕਾਕਰਨ ਦੀ ਇਜਾਜਤ ਹੈ ਤਾਂ ਆਪਣੇ ਝੁੰਡ ਨੂੰ ਨਿਯਮਤ ਤੌਰ ਉੱਤੇ ਟੀਕਾਕਰਨ ਕਰਨਾ ਚਾਹੀਦਾ ਹੈ ਕਿਉਂਕਿ ਟੀਕਾਕਰਨ ਕਰਨ ਨਾਲ ਬਿਮਾਰੀ ਦੇ ਫੈਲਣ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ ।

★ ਸੀ ਐਸ ਐਫ ਨੂੰ ਰੋਕਣ ਲਈ ਮਹੱਤਵਪੂਰਨ ਸਾਵਧਾਨੀਆਂ ਵਿੱਚ ਸੈਲਾਨੀਆਂ ਨੂੰ ਘੱਟ ਤੋਂ ਘੱਟ ਘਟਾਉਣਾ, ਵਾਹਨਾਂ ਤੋਂ ਹੋਣ ਵਾਲੀ ਗੰਦਗੀ ਦੇ ਵਿਰੁੱਧ ਸਾਵਧਾਨੀਆਂ ਵਰਤਣਾ ਅਤੇ ਕਿਸੇ ਵੀ ਸੂਰ ਦੇ ਮਾਸ ਉਤਪਾਦਾਂ ਦੀ ਆਗਿਆ ਨਾ ਦੇਣਾ ਸ਼ਾਮਲ ਹੈ ।

★ ਸੂਰਾਂ ਦੀਆਂ ਸ਼ੈੱਡਾਂ ਨੂੰ ਆਵਾਰਾ ਜਾਨਵਰਾਂ ਖਾਸ ਕਰਕੇ ਜੰਗਲੀ ਸੂਰਾਂ ਅਤੇ ਸੰਕਰਮਿਤ ਸੂਰਾਂ ਤੋਂ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ ।

★ ਸੰਕਰਮਿਤ ਸੂਰਾਂ ਨੂੰ ਅਲੱਗ ਕਰਕੇ ਮਾਰ ਦੇਣਾ ਚਾਹੀਦਾ ਹੈ ਤਾਂ ਜੋ ਇਹ ਵਿਸ਼ਾਣੂੰ ਅੱਗੇ ਨਾ ਫੈਲ ਸਕੇ, ਕਿਉਂਕਿ ਇਸ ਵਿਸ਼ਾਣੂੰ ਦਾ ਕੋਈ ਇਲਾਜ ਨਹੀਂ ਹੈ ।

★ ਸੰਕਰਮਿਤ ਸੂਰਾਂ ਨੂੰ ਮਾਰਨਾ ਹੀ ਇਸ ਬਿਮਾਰੀ ਦੀ ਰੋਕਥਾਮ ਹੈ ।

★ ਮਰੇ ਹੋਏ ਸੂਰਾਂ ਨੂੰ ਚੰਗੀ ਤਰ੍ਹਾਂ ਡੂੰਘਾ ਟੋਇਆ ਪੁੱਟ ਕੇ ਦਫਨਾਇਆ ਜਾਣਾ ਚਾਹੀਦਾ ਹੈ, ਤਾਂ ਜੋ ਵਿਸ਼ਾਣੂੰ ਦਾ ਕੋਈ ਵੀ ਕਣ ਬਾਹਰ ਨਾ ਰਹਿ ਜਾਏ ਜੋ ਅੱਗੇ ਬਿਮਾਰੀ ਫੈਲਣ ਦਾ ਕਾਰਨ ਬਣੇ ।

★ ਫਾਰਮ ਦੀ ਸਾਫ ਸਫਾਈ ਰੱਖਣੀ ਬਹੁਤ ਜ਼ਰੂਰੀ ਹੈ । ਫਾਰਮ ਵਿਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਵਸਤੂਆਂ ਕਿਟਾਣੂੰ ਨਾਸ਼ਕ ਨਾਲ ਸਾਫ ਕਰਨੀਆਂ ਚਾਹੀਦੀਆਂ ਹਨ ।

★ ਇਸ ਬਿਮਾਰੀ ਲਈ ਟੀਕਾਕਰਨ ਬਹੁਤ ਜ਼ਰੂਰੀ ਹੈ । ਹੇਠ ਲਿਖੇ ਅਨੁਸਾਰ ਟੀਕਾਕਰਨ ਦਾ ਕਾਰਜਕ੍ਰਮ :

| ਟੀਕੇ ਦਾ ਨਾਮ | ਪਹਿਲਾ ਟੀਕਾ | ਦੂਸਰਾ ਟੀਕਾ | ਸਲਾਨਾ ਟੀਕਾ |
|---|---|---|---|
| ਸਵਾਈਨ ਬੁਖਾਰ ਦਾ ਟੀਕਾ | ਦੋ ਮਹੀਨਿਆਂ ਦੀ ਉਮਰ ਵਿਚ | ਤਿੰਨ ਮਹੀਨੇ (ਪਹਿਲੇ ਟੀਕੇ ਦੇ ਇਕ ਮਹੀਨੇ ਬਾਅਦ) | ਹਰ ਛੇ ਮਹੀਨਿਆਂ ਬਾਅਦ ਦੁਹਰਾਓ |

★ ਗਰਭਵਤੀ ਸੂਰੀ ਵਿਚ 50 ਦਿਨਾਂ ਤੋਂ ਘੱਟ ਦੀ ਗਰਭ ਅਵਸਥਾ ਵਿਚ ਟੀਕਾਕਰਨ ਕੀਤਾ ਜਾਣਾ ਚਾਹੀਦਾ ਹੈ ਅਤੇ ਗਰਭ ਅਵਸਥਾ ਦੇ 50 ਦਿਨਾਂ ਤੋਂ ਵੱਧ ਵਿਚ ਟੀਕਾਕਰਨ ਨਹੀਂ ਕਰਨਾ ਚਾਹੀਦਾ ਹੈ ।

### ਸੀ ਐਸ ਐਫ ਦਾ ਇਲਾਜ :

ਇਸ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ ।

**ਮਨਦੀਪ ਕੌਰ, ਪ੍ਰਿਅੰਕਾ,**
**ਡਾ. ਨਿਤਿਨ ਦੇਵ ਸਿੰਘ, ਕਾਲਜ ਆਫ**
**ਵੈਟਰਨਰੀ ਸਾਇੰਸਜ਼, ਗਡਵਾਸੂ, ਲੁਧਿਆਣਾ**

ਮੈਂ ਪਰਾਲੀ ਸਾੜਨ ਵਾਲੀ ਗੱਲ ਦੀ ਹਮਾਇਤ ਨਹੀਂ ਕਰਦਾ ਪਰ ਪਟਾਕਿਆਂ 'ਤੇ ਵੀ ਪੂਰਨ ਤੌਰ 'ਤੇ ਪਾਬੰਦੀ ਲੱਗਣੀ ਚਾਹੀਦੀ ਹੈ। ਪਟਾਕੇ ਤੇ ਆਤਿਸ਼ਬਾਜ਼ੀ ਚਲਾਉਣ ਦਾ ਸਮਾਂ ਕਿਉਂ ਨਿਰਧਾਰਤ ਕੀਤਾ ਜਾਂਦਾ ਹੈ ? ਕਿਉਂ ਸਰਕਾਰ ਸਿਰਫ਼ ਇੱਕ ਤਬਕੇ ਨੂੰ ਹੀ ਲਿਤਾੜਨ 'ਤੇ ਲੱਗੀ ਹੋਈ ਹੈ। ਸਾਡੇ ਮੁਲਕ ਅੰਦਰ ਪ੍ਰਦੂਸ਼ਣ ਫੈਲਾਉਣ ਵਾਲੇ ਹੋਰ ਬਥੇਰੇ ਕਾਰਖ਼ਾਨੇ, ਫ਼ੈਕਟਰੀਆਂ ਅਤੇ ਹੋਰ ਬੜਾ ਕੁੱਝ ਹੈ, ਜਿਸ ਬਾਰੇ ਸਰਕਾਰਾਂ ਕਦੇ ਵੀ ਨਹੀਂ ਬੋਲਦੀਆਂ। ਪ੍ਰਦੂਸ਼ਣ ਬੋਰਡ ਵੀ ਸਿਰਫ਼ ਸਿਆਸੀ ਬਿਆਨਬਾਜ਼ੀ ਵਿੱਚ ਰੁਝਿਆ ਰਹਿੰਦਾ ਹੈ। ਜੇਕਰ ਪ੍ਰਸ਼ਾਸਨ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਤ ਕਰ ਸਕਦਾ ਹੈ ਤਾਂ ਫਿਰ ਪਰਾਲੀ ਸਾੜਨ ਦਾ ਵੀ ਸਮਾਂ ਨਿਰਧਾਰਤ ਕਰ ਦੇਣਾ ਚਾਹੀਦਾ ਹੈ। ਮਸਲਾ ਲੰਮਾ ਚੌੜਾ ਹੈ ਪਰ ਸਵਾਲ ਵੀ ਬੜੇ ਨੇ ! ਅਖ਼ੀਰ ਵਿੱਚ ਇੱਕੋ ਗੱਲ ਕਹਿਣੀ ਬਣਦੀ ਹੈ ਕਿ ਇਹ ਪ੍ਰਦੂਸ਼ਣ ਇਕੱਲਾ ਸਰਕਾਰੀ ਅੰਕੜਿਆਂ ਮੁਤਾਬਕ ਕਿਸਾਨ ਹੀ ਫੈਲਾਉਂਦੇ ਹਨ, ਇਸ ਤੋਂ ਇਲਾਵਾ ਹੋਰ ਕੋਈ ਨਹੀਂ। ਚਲੋ ਭਾਈ, ਕਿਸਾਨ ਹੀ ਬਲੀ ਦਾ ਬੱਕਰਾ ਬਣਦੈ, ਜਿਹੜਾ ਕਦੇ ਹੜ੍ਹਾਂ ਦੀ ਮਾਰ ਝਲਦੈ, ਕਦੇ ਹੋਰ ਕੁਦਰਤੀ ਕਰੋਪੀ ਅਤੇ ਹੁਣ ਸਰਕਾਰੀ ਤੰਤਰ ਦਾ ਸ਼ਿਕਾਰ ਹੋ ਰਿਹਾ ਹੈ।



# ਪ੍ਰਦੂਸ਼ਣ ਲਈ ਇਕੱਲਾ ਕਿਸਾਨ ਹੀ ਦੋਸ਼ੀ ਕਿਉਂ?

ਗੁਰਪ੍ਰੀਤ ਸਿੰਘ
ਮੋ. 95698-20314

ਲੰਮੇ ਸਮੇਂ ਤੋਂ ਚਲੀ ਆ ਰਹੀ 'ਰੀਤ' ਮੁਤਾਬਕ ਦੁਸ਼ਹਿਰਾ ਤੇ ਦੀਵਾਲੀ ਮਨਾਈ ਗਈ। ਵੱਡੇ ਪੱਧਰ 'ਤੇ ਇਸ ਦੌਰਾਨ ਪਟਾਕੇ ਚੱਲੇ ਅਤੇ ਪ੍ਰਦੂਸ਼ਣ ਵੀ ਵੱਡੇ ਪੱਧਰ 'ਤੇ ਹੀ ਫੈਲਿਆ। ਪਰ ਸਵਾਲ ਤਾਂ ਇਹ ਹੈ ਕਿ ਹਰ ਸਾਲ ਮਨਾਏ ਜਾਣ ਵਾਲੇ ਇਹੋ ਜਿਹੇ ਤਿਉਹਾਰਾਂ 'ਤੇ ਫੈਲਦੇ ਪ੍ਰਦੂਸ਼ਣ 'ਤੇ ਕੋਈ ਕਿਉਂ ਨਹੀਂ ਬੋਲਦਾ ? ਕਿਸਾਨਾਂ ਦੁਆਰਾ ਮਜ਼ਬੂਰੀ ਵਸ ਸਾੜੀ ਜਾਂਦੀ ਝੋਨੇ ਦੀ ਪਰਾਲੀ ਦਾ ਧੂੰਆਂ, ਭਾਵੇਂ ਸਰਕਾਰੀ ਦਾਅਵਿਆਂ ਮੁਤਾਬਕ ਦਿੱਲੀ ਦਰਵਾਜ਼ੇ ਤੱਕ ਪਹੁੰਚ ਜਾਂਦਾ ਹੈ। ਪਰ ਬਾਵਜੂਦ ਇਸ ਦੇ ਪਰਾਲੀ ਦੇ ਹੱਲ ਲਈ ਨਹੀਂ ਬੋਲਦਾ ਸਗੋਂ ਕਿਸਾਨਾਂ ਨੂੰ ਜੇਲਾਂ ਵਿੱਚ ਸੁੱਟਣ ਤੇ ਜ਼ੁਰਮਾਨੇ ਠੋਕਣ ਦਾ ਤਰੀਕਾ, ਹਰ ਕੋਈ ਮੂਹਰੇ ਹੋ ਕੇ ਦੱਸਦਾ ਹੈ।

ਅਸੀਂ ਸਾਰੇ ਮੰਨਦੇ ਹਾਂ ਕਿ ਪ੍ਰਦੂਸ਼ਣ ਸਿਹਤ ਲਈ ਹਾਨੀਕਾਰਕ ਹੈ ਪਰ ਸਵਾਲ ਇਹ ਹੈ ਕਿ ਇਕੱਲੀ ਪਰਾਲੀ ਸਾੜਨ 'ਤੇ ਹੀ ਕਿਉਂ ਜ਼ਿਆਦਾ ਹੱਲਾ-ਗੁੱਲਾ ਹੋ ਜਾਂਦੈ ? ਕੀ ਪਟਾਕਿਆਂ ਨਾਲ ਪ੍ਰਦੂਸ਼ਣ ਨਹੀਂ ਹੁੰਦਾ ? ਖ਼ੈਰ ਸਵਾਲ ਤਾਂ ਬੜੇ ਹਨ ਪਰ ਅਸਲ ਸਵਾਲ ਤਾਂ ਇਹ ਹੈ ਕਿ ਕੀ ਇਕੱਲਾ ਪ੍ਰਦੂਸ਼ਣ ਫੈਲਾਉਣ ਵਿੱਚ ਕਿਸਾਨ ਹੀ ਜ਼ਿੰਮੇਵਾਰ ਹਨ ? ਕਿਸਾਨਾਂ ਦੁਆਰਾ ਜਿੱਥੇ ਫ਼ਸਲਾਂ ਉਗਾ ਕੇ ਮੁਲਕ ਦਾ ਢਿੱਡ ਭਰਿਆ ਜਾਂਦਾ ਹੈ, ਉੱਥੇ ਕਿਸਾਨ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ ਤੇ ਦੂਜੇ ਪਾਸੇ ਪ੍ਰਸ਼ਾਸਨ ਤੇ ਸਰਕਾਰ ਕਿਸਾਨਾਂ ਨੂੰ ਜੇਲ੍ਹੀਂ ਤਾੜਨ ਲੱਗੀ ਹੋਈ ਹੈ।

ਅਸੀਂ ਇਹ ਮੰਨਦੇ ਹਾਂ ਕਿ ਪਰਾਲੀ ਦਾ ਪ੍ਰਦੂਸ਼ਣ ਵੀ ਸਿਹਤ ਲਈ ਹਾਨੀਕਾਰਕ ਹੈ, ਪਰ ਕੀ ਪਟਾਕਿਆਂ ਵਿੱਚੋਂ ਨਿਕਲਣ ਵਾਲਾ ਧੂੰਆਂ ਸਾਫ਼ ਸੁਥਰਾ ਅਤੇ ਸ਼ੁੱਧ ਹੈ ? ਪਿਛਲੇ ਕਈ ਦਹਾਕਿਆਂ ਤੋਂ ਝੋਨੇ ਦੀ ਪਰਾਲੀ, ਕਣਕ ਦੇ ਨਾੜ ਨੂੰ ਅੱਗ ਲਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਮਜ਼ਬੂਰੀ ਵੱਸ ਝੋਨੇ ਦੀ ਪਰਾਲੀ ਨੂੰ ਅੱਗ ਲਾਉਂਦੇ ਨੇ, ਉਨ੍ਹਾਂ ਨੂੰ ਕੋਈ ਸ਼ੌਕ ਨਹੀਂ ਹੈ ਬਲਕਿ ਉਹ ਪਰਾਲੀ ਨੂੰ ਅੱਗ ਲਾ ਕੇ ਖ਼ੁਦ ਲਈ ਵੀ ਹਾਦਸਿਆਂ ਨੂੰ ਸੱਦਾ ਦਿੰਦੇ ਹਨ। ਸਰਕਾਰਾਂ ਦੀਆਂ ਨਕਾਮੀਆਂ ਕਾਰਨ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣੀ ਪੈਂਦੀ ਹੈ।

ਸਮੇਂ-ਸਮੇਂ 'ਤੇ ਆਈਆਂ ਸਰਕਾਰਾਂ ਨੇ ਹੋਰ ਵਾਅਦਿਆਂ ਦੇ ਨਾਲ ਕਿਸਾਨਾਂ ਨਾਲ ਇਹ ਵੀ ਵਾਅਦਾ ਕੀਤਾ ਸੀ ਕਿ ਪਰਾਲੀ ਦਾ ਪੱਕਾ ਪ੍ਰਬੰਧ ਕਰਾਂਗੇ ਪਰ ਪੱਕੇ ਪ੍ਰਬੰਧ ਕਰਨ ਦੀ ਥਾਂ, ਕਿਸਾਨਾਂ ਨੂੰ ਜੇਲਾਂ ਅੰਦਰ ਡੱਕਿਆ ਜਾ ਰਿਹਾ ਹੈ। ਕਿਸਾਨਾਂ ਨੂੰ ਮੋਟੇ ਜ਼ੁਰਮਾਨੇ ਵੀ ਕੀਤੇ ਜਾ ਰਹੇ ਹਨ। ਸੁਣਨ ਵਿੱਚ ਆਇਆ ਹੈ ਕਿ ਸੈਟੇਲਾਈਟ ਜ਼ਰੀਏ ਕਿਸਾਨਾਂ ਦੀਆਂ ਜ਼ਮੀਨਾਂ ਫਰੋਲੀਆਂ ਜਾ ਰਹੀਆਂ ਨੇ ਅਤੇ ਇਹ ਵੇਖਿਆ ਜਾ ਰਿਹਾ ਹੈ ਕਿ ਕਿੱਥੇ-ਕਿੱਥੇ ਝੋਨੇ ਦੀ ਪਰਾਲੀ ਨੂੰ ਅੱਗ ਲੱਗੀ ਹੈ।

ਸੈਟੇਲਾਈਟ ਜ਼ਰੀਏ ਮਿਲੀਆਂ ਤਸਵੀਰਾਂ ਦੇ ਚਲਦਿਆਂ ਪ੍ਰਸ਼ਾਸਨ ਵੱਲੋਂ ਮਿੰਟਾਂ ਸਕਿੰਟਾਂ ਵਿੱਚ ਜਿੱਥੇ ਕਿਸਾਨਾਂ ਉੱਪਰ ਪੁਲਿਸ ਕੇਸ ਬਣਾਏ ਜਾ ਰਹੇ ਨੇ, ਉੱਥੇ ਹੀ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਵੀ ਰੈੱਡ ਐਂਟਰੀਆਂ ਕੀਤੀਆਂ ਜਾ ਰਹੀਆਂ ਹਨ, ਮਸਲਨ ਕਿਸਾਨ ਜਿਨ੍ਹਾਂ ਨੇ ਪਰਾਲੀ ਨੂੰ ਅੱਗ ਲਾਈ, ਉਨ੍ਹਾਂ ਨੂੰ ਕਰਜ਼ਾ ਅਤੇ ਹੋਰ ਸਰਕਾਰੀ ਲਾਭ ਅਗਲੇ ਸਮੇਂ ਵਿੱਚ ਨਹੀਂ ਮਿਲਣਗੇ। ਖ਼ੈਰ ਸਰਕਾਰ ਨੇ ਹੁਣ ਤੱਕ ਕਦਮ ਤਾਂ ਬਥੇਰੇ ਚੁੱਕੇ ਨੇ ਪਰਾਲੀ ਨੂੰ ਸਂਭਣ ਲਈ ਪਰ ਉਨ੍ਹਾਂ ਨੂੰ ਗਰਾਊਂਡ 'ਤੇ ਲਾਗੂ ਨਹੀਂ ਕੀਤਾ ਗਿਆ। ਸਵਾਦ ਉਦੋਂ ਆਉਂਦਾ, ਜਦੋਂ ਝੋਨੇ ਦੀ ਪਰਾਲੀ ਦਾ ਪੱਕਾ ਪ੍ਰਬੰਧ ਕੀਤਾ ਜਾਂਦਾ।



ਅਸੀਂ ਸਾਰੇ ਮੰਨਦੇ ਹਾਂ ਕਿ ਪ੍ਰਦੂਸ਼ਣ ਸਿਹਤ ਲਈ ਹਾਨੀਕਾਰਕ ਹੈ ਪਰ ਸਵਾਲ ਇਹ ਹੈ ਕਿ ਇਕੱਲੀ ਪਰਾਲੀ ਸਾੜਨ 'ਤੇ ਹੀ ਕਿਉਂ ਜ਼ਿਆਦਾ ਹੱਲਾ-ਗੁੱਲਾ ਹੋ ਜਾਂਦੈ ? ਕੀ ਪਟਾਕਿਆਂ ਨਾਲ ਪ੍ਰਦੂਸ਼ਣ ਨਹੀਂ ਹੁੰਦਾ ? ਖ਼ੈਰ ਸਵਾਲ ਤਾਂ ਬੜੇ ਹਨ ਪਰ ਅਸਲ ਸਵਾਲ ਤਾਂ ਇਹ ਹੈ ਕਿ ਕੀ ਇਕੱਲਾ ਪ੍ਰਦੂਸ਼ਣ ਫੈਲਾਉਣ ਵਿੱਚ ਕਿਸਾਨ ਹੀ ਜ਼ਿੰਮੇਵਾਰ ਹਨ ? ਕਿਸਾਨਾਂ ਦੁਆਰਾ ਜਿੱਥੇ ਫ਼ਸਲਾਂ ਉਗਾ ਕੇ ਮੁਲਕ ਦਾ ਢਿੱਡ ਭਰਿਆ ਜਾਂਦਾ ਹੈ, ਉੱਥੇ ਕਿਸਾਨ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ ਤੇ ਦੂਜੇ ਪਾਸੇ ਪ੍ਰਸ਼ਾਸਨ ਤੇ ਸਰਕਾਰ ਕਿਸਾਨਾਂ ਨੂੰ ਜੇਲ੍ਹੀਂ ਤਾੜਨ ਲੱਗੀ ਹੋਈ ਹੈ।

ਕੁੱਝ ਸਮਾਂ ਪਹਿਲਾਂ ਸਰਕਾਰਾਂ ਨੇ ਆਖਿਆ ਸੀ ਕਿ ਅਸੀਂ ਝੋਨੇ ਦੀ ਪਰਾਲੀ ਦਾ ਪੱਕਾ ਪ੍ਰਬੰਧ ਕਰਾਂਗੇ। ਪਰਾਲੀ ਨੂੰ ਇਹੀ ਜਿਹੀ ਜਗ੍ਹਾ 'ਤੇ ਰੱਖਾਂਗੇ ਕਿ ਕਿਸਾਨ ਅਗਲੀ ਫ਼ਸਲ ਵਧੀਆ ਤਰੀਕੇ ਨਾਲ ਬੀਜ ਸਕੇਗਾ। ਪਰ ਸਰਕਾਰਾਂ ਦੁਆਰਾ ਕੀਤੇ ਗਏ ਇਹ ਵਾਅਦੇ, ਸਿਰਫ਼ ਅਖ਼ਬਾਰੀ ਅਤੇ ਟੀ. ਵੀ. ਚੈਨਲਾਂ ਵਿੱਚ ਹੀ ਰਹਿ ਗਏ।

ਅਗਲੀ ਗੱਲ ਜੇਕਰ ਪਟਾਕਿਆਂ ਦੇ ਪ੍ਰਦੂਸ਼ਣ ਦੀ ਕਰ ਲਈਏ ਤਾਂ ਇਸ ਸੰਬੰਧੀ ਕੋਈ ਨਹੀਂ ਬੋਲਦਾ। ਸਰਕਾਰ / ਪ੍ਰਸ਼ਾਸਨ ਸਮਾਂ ਨਿਰਧਾਰਤ ਕਰ ਦਿੰਦਾ ਹੈ ਕਿ ਤੁਸੀਂ ਭਾਈ ਇੰਨੇ ਤੋਂ ਇੰਨੇ ਸਮੇਂ ਤੱਕ ਪਟਾਕੇ ਚਲਾ ਸਕਦੇ ਹੋ। ਮਤਲਬ ਇਹ ਸਾਫ਼ ਹੈ ਕਿ ਜਿਹੜਾ ਸਮਾਂ ਪ੍ਰਸ਼ਾਸਨ ਅਤੇ ਸਰਕਾਰ ਵੱਲੋਂ ਪਟਾਕਿਆਂ ਨੂੰ ਚਲਾਉਣ ਦਾ ਦਿੱਤਾ ਗਿਆ ਹੈ, ਉਸ ਸਮੇਂ ਵਿੱਚ ਕੁਦਰਤ ਛੁੱਟੀ 'ਤੇ ਚਲੀ ਜਾਵੇਗੀ ਜਾਂ ਫਿਰ ਪ੍ਰਦੂਸ਼ਣ ਫੈਲੇਗਾ ਹੀ ਨਹੀਂ। ਸਗੋਂ ਪਟਾਕਿਆਂ ਵਿੱਚੋਂ ਨਿਕਲਣ ਵਾਲੀ ਜ਼ਹਿਰੀਲੀ ਪਰਾਲੀ ਦੇ ਧੂਏਂ ਨਾਲੋਂ ਵੀ ਖ਼ਤਰਨਾਕ ਹੈ। ਉਂਜ ਸਰਕਾਰੀ ਦਾਅਵੇ ਤਾਂ ਇਕੱਲੇ ਕਿਸਾਨ ਨੂੰ ਹੀ ਲਤਾੜਨ ਵਾਸਤੇ ਨੇ, ਇਸ ਤੋਂ ਇਲਾਵਾ ਕੁੱਝ ਨਹੀਂ।

ਮੈਂ ਪਰਾਲੀ ਸਾੜਨ ਵਾਲੀ ਗੱਲ ਦੀ ਹਮਾਇਤ ਨਹੀਂ ਕਰਦਾ, ਪਰ ਪਟਾਕਿਆਂ 'ਤੇ ਵੀ ਪੂਰਨ ਤੌਰ 'ਤੇ ਪਾਬੰਦੀ ਲੱਗਣੀ ਚਾਹੀਦੀ ਹੈ। ਪਟਾਕੇ ਤੇ ਆਤਿਸ਼ਬਾਜ਼ੀ ਚਲਾਉਣ ਦਾ ਸਮਾਂ ਕਿਉਂ ਨਿਰਧਾਰਤ ਕੀਤਾ ਜਾਂਦਾ ਹੈ ? ਕਿਉਂ ਸਰਕਾਰ ਸਿਰਫ਼ ਇੱਕ ਤਬਕੇ ਨੂੰ ਹੀ ਲਿਤਾੜਨ 'ਤੇ ਲੱਗੀ ਹੋਈ ਹੈ।

ਸਾਡੇ ਮੁਲਕ ਅੰਦਰ ਪ੍ਰਦੂਸ਼ਣ ਫੈਲਾਉਣ ਵਾਲੇ ਹੋਰ ਬਥੇਰੇ ਕਾਰਖ਼ਾਨੇ, ਫ਼ੈਕਟਰੀਆਂ ਅਤੇ ਹੋਰ ਬੜਾ ਕੁੱਝ ਹੈ, ਜਿਸ ਬਾਰੇ ਸਰਕਾਰਾਂ ਕਦੇ ਵੀ ਨਹੀਂ ਬੋਲਦੀਆਂ। ਪ੍ਰਦੂਸ਼ਣ ਬੋਰਡ ਵੀ ਸਿਰਫ਼ ਸਿਆਸੀ ਬਿਆਨਬਾਜ਼ੀ ਵਿੱਚ ਰੁਝਿਆ ਰਹਿੰਦਾ ਹੈ। ਜੇਕਰ ਪ੍ਰਸ਼ਾਸਨ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਤ ਕਰ ਸਕਦਾ ਹੈ ਤਾਂ ਫਿਰ ਪਰਾਲੀ ਸਾੜਨ ਦਾ ਵੀ ਸਮਾਂ ਨਿਰਧਾਰਤ ਕਰ ਦੇਣਾ ਚਾਹੀਦਾ ਹੈ। ਮਸਲਾ ਲੰਮਾ ਚੌੜਾ ਹੈ ਪਰ ਸਵਾਲ ਵੀ ਬੜੇ ਨੇ ! ਅਖ਼ੀਰ ਵਿੱਚ ਇੱਕੋ ਗੱਲ ਕਹਿਣੀ ਬਣਦੀ ਹੈ ਕਿ ਇਹ ਪ੍ਰਦੂਸ਼ਣ ਇਕੱਲਾ ਸਰਕਾਰੀ ਅੰਕੜਿਆਂ ਮੁਤਾਬਕ ਕਿਸਾਨ ਹੀ ਫੈਲਾਉਂਦੇ ਹਨ, ਇਸ ਤੋਂ ਇਲਾਵਾ ਹੋਰ ਕੋਈ ਨਹੀਂ। ਚਲੋ ਭਾਈ, ਕਿਸਾਨ ਹੀ ਬਲੀ ਦਾ ਬੱਕਰਾ ਬਣਦਾ ਹੈ, ਜਿਹੜਾ ਕਦੇ ਹੜ੍ਹਾਂ ਦੀ ਮਾਰ ਝਲਦੈ, ਕਦੇ ਹੋਰ ਕੁਦਰਤੀ ਕਰੋਪੀ ਦਾ ਸ਼ਿਕਾਰ ਹੋ ਰਿਹਾ ਹੈ।



ਸੋ ਸਰਕਾਰਾਂ ਨੂੰ ਪਰਾਲੀ ਦਾ ਠੋਸ ਹੱਲ ਲੱਭਣਾ ਚਾਹੀਦਾ ਹੈ, ਨਾਕਿ ਉਨ੍ਹਾਂ 'ਤੇ ਮੁਕੱਦਮੇ ਠੋਕ ਕੇ ਜ਼ੁਰਮਾਨੇ ਲਗਾ ਕੇ ਜ਼ੇਲ੍ਹਾਂ ਅੰਦਰ ਸੁੱਟਣਾ ਚਾਹੀਦੈ।

# ੴ ਦੇ ਖੋਜੀ, ਕਵੀ ਬਾਬਾ ਨਾਨਕ

ਬਲਵਿੰਦਰ 'ਬਾਲਮ', ਉਂਕਾਰ ਨਗਰ, ਗੁਰਦਾਸਪੁਰ
ਮੋਬਾਇਲ : 98156-25409



ਸਿੱਖ ਮਤ ਦੇ ਸੰਚਾਲਕ ਅਤੇ ਪਹਿਲੇ ਗੁਰੂ ੴ ਦੇ ਖੋਜੀ, ਕਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ, ਸਿੱਧ ਗੋਸਟਿ, ਆਸਾ ਦੀ ਵਾਰ, ਬਾਰਹਾ ਮਾਹ, ਰਾਗ ਤੁਖਾਰੀ, ਪੱਟੀ, ਮਾਂਝ ਤੋਂ ਮਲ੍ਹਾਰ ਦੀ ਵਾਰ ਵਰਗੀਆਂ ਉੱਚ ਕੋਟੀ ਦੀਆਂ ਰਚਨਾਵਾਂ ਰਚ ਕੇ ਭਾਰਤ ਦੀ ਧਰਤੀ ਨੂੰ, ਮਨੁੱਖਤਾ ਨੂੰ ਸੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਬਖ਼ਸ਼ੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ੴ ਦੀਆਂ ਹੀ ਸਭ ਸ਼ਾਖਾਵਾਂ ਹਨ। ਸਾਰੀ ਬਾਣੀ ਹੈ ਸੱਚ ਤੇ ਯਥਾਰਥ ਦੀ ਬੁਨਿਆਦ ਉੱਪਰ ਹੈ ਜੋ ਇਨਸਾਨੀ ਕਦਰਾਂ-ਕੀਮਤਾਂ ਨੂੰ ਉਜਾਗਰ ਕਰਦੀ ਹੈ, ਅਦੁੱਤੀ ਬਾਣੀ ਹੈ। ਮਨੁੱਖ ਲਈ ਸਿੱਖਿਆਵਾਂ ਭਰਪੂਰ ਬਾਣੀ ਹੈ। ਅੰਧ ਵਿਸ਼ਵਾਸ ਤੋਂ ਦੂਰ ਅਤੇ ਸਰਬਤ ਦੇ ਭਲੇ ਦੀ ਬਾਣੀ। ਧੁਰੋਂ ਉੱਤਰੀ ਬਾਣੀ। ੴ ਦਾ ਆਕਾਰ ਵੇਖਣ ਨਾਲ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ। ਇਸ ਦੇ ਉਚਾਰਨ ਨਾਲ, ਜਾਪ ਕਰਨ ਨਾਲ ਤਨ ਮਨ ਰੂਹ ਹਿਰਦੇ ਸ਼ਾਂਤ 'ਤੇ ਇਕਾਗਰ ਹੋ ਜਾਂਦੇ ਹਨ। ਇਸਦੇ ਉਚਾਰਨ ਨਾਲ ਮਨੁੱਖ ਆਪ ਮੁਹਾਰੇ ਹੀ ਪਵਿਤਰਤਾ ਅਤੇ ਸੁੱਚਤਾ ਨਾਲ ਜੁੜਦਾ ਜਾਂਦਾ ਹੈ। ਇੱਕ ਆਨੰਦਮਈ ਅਵਸਥਾ ਦਾ ਅਹਿਸਾਸ ਹਿਰਦੇ ਵਿੱਚ ਤੈਰਦਾ ਹੈ। ਸਾਰੀ ਬਾਣੀ ਮੌਸਮਾਂ ਦਿਨਾਂ, ਸਾਲਾਂ, ਮਹੀਨਿਆਂ, ਕੁਦਰਤ, ਬ੍ਰਹਿਮੰਡ, ਸੱਚਖੰਡ, ਧਰਤੀ, ਅੰਬਰ, ਆਕਾਸ਼ (ਪੰਜ ਤੱਤਾਂ) ਪਾਣੀ, ਅਗਨੀ, ਸਮਾਜ, ਸੁੱਚਤਾ ਰਾਗਾਂ ਆਦਿ ਨਿਯਮਾਂ ਵਿੱਚ ਸੰਗਠਿਤ ਹੈ। ਸਾਰੀ ਬਾਣੀ ਬਹਿਰਾਂ (ਵਜ਼ਨ) ਵਿੱਚ ਹੈ। ਅਨੇਕਾਂ ਖ਼ੂਬਸੂਰਤ ਪ੍ਰਤੀਕਾਂ ਬਿੰਬਾਂ ਤਸ਼ਬੀਹਾਂ, ਅਲੰਕਾਰਾਂ ਨਾਲ ਓਤ ਪ੍ਰੋਤ ਹੈ। ੴ ਦਾ ਜਾਪ ਵਿਸ਼ਵਾਸ ਪੈਦਾ ਕਰਦਾ ਹੈ ਅਤੇ ਇਹ ਵਿਸ਼ਵਾਸ, ਕਰਮਠਤਾ ਵਿੱਚ ਰੱਬ ਦੀ ਹੋਂਦ ਦਰਸਾਉਂਦਾ ਹੈ। ਇਸ ਆਕਾਰ ਨੇ ਪਰਮਾਤਮਾ ਦੀ ਹੋਂਦ ਨੂੰ ਸਹੀ ਅਰਥ ਦਿੱਤੇ ਹਨ। ੴ ਸ਼ਬਦ ਬਾਣੀਆਂ ਦੀ ਰਹਿਨੁਮਾਈ ਕਰਦਾ ਹੈ। ਇਸ ਸ਼ਬਦ ਦੀ ਆਵਾਜ਼, ਬਣਤਰ, ਉਚਾਰਣ ਇੰਨਾ ਸ਼ੁੱਧ ਹੈ ਕਿ ਮਨੁੱਖ ਵਿੱਚ ਇੱਕ ਸ਼ਕਤੀ, ਸ਼ਾਂਤੀ, ਵਿਸ਼ਵਾਸ ਉਜਾਗਰ ਕਰਦਾ ਹੋਇਆ ਪਰਮਾਤਮਾ ਦਾ ਵਿਸ਼ਵਾਸ ਪੈਦਾ ਕਰਦਾ ਹੈ। ਇਹ ਸ਼ਬਦ ਹੀ ਪਰਮਾਤਮਾ ਦਾ ਰੂਪ ਹੈ। ਇਸ ਸ਼ਬਦ ਵਿੱਚੋਂ ਹੀ ਪਰਮਾਤਮਾ ਨਜ਼ਰ ਆਉਂਦਾ ਹੈ। ੴ ਦੀ ਘੜਤ ਰੱਖੀ ਬਾਣੀ ਦੀ ਹੋਂਦ ਹੈ।

ੴ ਦਾ ਉਚਾਰਨ ਇੱਕ ਕਰਨਾ ਹੈ, 'ਓ' ਦਾ ਉਚਾਰਨ 'ਓਅੰਕਾਰ' ਹੈ। ਸਤਿਨਾਮ, ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸਾਦਿ ਇਹੀ ਸਿੱਖੀ ਦਾ ਮੂਲ ਮੰਤਰ ਹੈ। ਮੂਲ ਮੰਤਰ ਦਾ ਅਰਥ ਹੈ, ਮੁਢਲਾ ਉਪਦੇਸ਼। ਇਸ ਦੇ ਅਰਥ ਇਸ ਪ੍ਰਕਾਰ ਹਨ :- ਅਕਾਲ ਪੁਰਖ ਇੱਕ ਹੈ ਜੋ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਹੈ। ਉਸ ਦਾ ਨਾਮ ਸਦੀਵੀ ਹੋਂਦ ਵਾਲਾ ਹੈ। ਇਹ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਤੇ ਉਸ ਵਿੱਚ ਵਿਆਪਕ ਹੈ। ਉਹ ਡਰ ਤੋਂ ਰਹਿਤ ਹੈ, ਉਹ ਵੈਰ ਤੋਂ ਰਹਿਤ ਹੈ। ਉਸ ਦਾ ਸਰੂਪ ਕਾਲ ਤੋਂ ਪਰ੍ਹੇ ਹੈ, ਭਾਵ ਉਸ ਉਤੇ ਸਮੇਂ ਦਾ ਕੋਈ ਅਸਰ ਨਹੀਂ, ਉਹ ਬਚਪਨ, ਜਵਾਨੀ, ਬੁਢੇਪਾ, ਮੌਤ ਤੋਂ ਪਰ੍ਹੇ ਹੈ। ਉਹ ਜੂਨਾਂ ਵਿੱਚ ਨਹੀਂ ਆਉਂਦਾ। ਉਸਦੀ ਹੋਂਦ, ਉਸਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਅਜਿਹੇ ਸਰੂਪ ਵਾਲਾ ਪਰਮਾਤਮਾ ਸਤਿਗੁਰੂ (ਸ਼ਬਦ ਗੁਰੂ) ਦੀ ਕਿਰਪਾ ਦੁਆਰਾ ਮਿਲਦਾ ਹੈ।

'ਆਦਿ ਸਚ ਜੁਗਾਦਿ ਸਚੁ। ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ' ॥ ਇਹ ਸਲੋਕ ਮੰਗਲਾਚਰਨ ਵਜੋਂ ਹੈ। ਇਸ ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ਼ਟ ਦਾ ਸਰੂਪ ਬਿਆਨ ਕੀਤਾ ਹੈ ਜਿਸ ਦਾ ਜਪ-ਸਿਮਰਨ ਕਰਨ ਦਾ ਉਪਦੇਸ਼ ਇਸ ਸਾਰੀ ਬਾਣੀ 'ਜਪੁ' ਵਿੱਚ ਕੀਤਾ ਗਿਆ ਹੈ। (ਜਪੁਜੀ ਸਾਹਿਬ ਵਿੱਚੋਂ)। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਸ਼ਬਦਾਂ ਦੀ ਮਿਠਾਸ, ਉਨ੍ਹਾਂ ਦਾ ਸੰਦੇਸ਼, ਸ਼ੁੱਧ, ਸ਼ਾਂਤ ਅਤੇ ਸਵਸਥ ਕਰ ਦਿੰਦਾ ਹੈ। ਪ੍ਰੇਮ ਅਤੇ ਸੇਵਾ ਭਾਵ ਉਤਪੰਨ ਹੁੰਦੇ ਹਨ।

ਕਵੀ ਬਾਬਾ ਨਾਨਕ ਦੀ ਬਾਣੀ ਵਿੱਚ ਇੱਕ ਸਲੋਕ (ਸ਼ਬਦ) ਵਿੱਚ ਇੱਕ ਹੀ ਸ਼ਬਦ ਦੀ ਉਸਤਤੀ ਵਾਰ-ਵਾਰ ਆਉਂਣੀ ਵੀ ਕਮਾਲਤਾ ਪੈਦਾ ਕਰਦੀ ਹੈ : ਜਿਸ ਤਰ੍ਹਾਂ ਪੰਚ ਸ਼ਬਦ, ਗਾਵੈ ਸ਼ਬਦ, ਸੁਣਿਐ ਸ਼ਬਦ, ਮੰਨੈ ਸ਼ਬਦ, ਅਸੰਖ ਅਮੁਲ ਸ਼ਬਦ, ਆਖਹਿ ਸ਼ਬਦ, ਸਾਵਨਿ ਸ਼ਬਦ ਆਦਿ ਸ਼ਬਦ ਹਰ ਪਹਿਲੀ ਲਾਈਨ ਤੋਂ ਪਹਿਲਾਂ ਸ਼ੁਰੂ ਕਰਨਾ ਬਹੁਤ ਮੁਸ਼ਕਿਲ ਕਾਰਜ ਹੈ ਪਰ ਬਾਬਾ ਨਾਨਕ ਜੀ ਨੇ ਕਮਾਲ ਦੀ ਬਾਣੀ ਰਚ ਕੇ ਸੰਸਾਰ ਨੂੰ ਇੱਕ ਅਦੁੱਤੀ, ਸੁੱਚੀ-ਸੱਚੀ ਸੰਜੀਵ ਨਿਸ਼ਾਨੀ ਬਖ਼ਸ਼ੀ ਹੈ। ਬਾਣੀ ਬਖ਼ਸ਼ੀ ਮਨੁੱਖਤਾ ਦੀ ਭਲਾਈ ਲਈ।

ਕਵੀ ਬਾਬਾ ਨਾਨਕ ਦਾ ਜਨਮ ਕੱਤਕ ਸੁਦੀ 15, ਸੰਮਤ 1526 ਬਿਕ੍ਰਮੀ, ਪੂਰਨਮਾਸ਼ੀ ਮੁਤਾਬਿਕ 15 ਨਵੰਬਰ, ਸੰਨ 1469 ਈਸਵੀ ਨੂੰ ਮਾਤਾ ਤ੍ਰਿਪਤਾ ਦੀ ਕੁੱਖੋਂ, ਪਿਤਾ ਮਹਿਤਾ ਕਲਿਆਣ ਰਾਏ ਜੀ (ਬੇਦੀ ਵੰਸ਼ ਵਿੱਚੋਂ) ਦੇ ਘਰ ਰਾਏ ਭੋਇੰ ਦੀ ਤਲਵੰਡੀ ਸ੍ਰੀ ਨਨਕਾਣਾ ਸਾਹਿਬ ਜ਼ਿਲ੍ਹਾ ਸੇਖ਼ੂਪੁਰਾ (ਪਾਕਿਸਤਾਨ) ਵਿੱਚ ਹੋਇਆ। ਕਵੀ ਬਾਬਾ ਨਾਨਕ ਦੀ ਸ਼ਾਦੀ ਬੀਬੀ ਸੁਲੱਖਣੀ ਜੀ ਸਪੁੱਤਰੀ ਸ੍ਰੀ ਮੂਲ ਚੰਦ ਜੀ ਬਟਾਲਾ ਨਿਵਾਸੀ (ਜ਼ਿਲ੍ਹਾ ਗੁਰਦਾਸਪੁਰ, ਪੰਜਾਬ) ਨਾਲ 24 ਜੇਠ ਸੰਮਤ 1544 ਬਿਕ੍ਰਮੀ 1487 ਈਸਵੀ ਨੂੰ ਹੋਈ। ਉਨ੍ਹਾਂ ਦੇ ਦੋ ਸਪੁੱਤਰ ਸਨ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ।

ਕਵੀ ਬਾਬਾ ਨਾਨਕ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 947 ਸ਼ਬਦ, 19 ਰਾਗਾਂ ਵਿੱਚ ਹਨ। ਉਨ੍ਹਾਂ ਨੇ ਦੇਸ਼-ਵਿਦੇਸ਼ਾਂ ਦੇ ਲੋਕਾਂ ਨੂੰ ਮਾਨਵਤਾ ਦਾ ਰਾਹ ਦਿਖਾਇਆ। ਬਾਲਾ ਤੇ ਮਰਦਾਨਾ ਉਨ੍ਹਾਂ ਦੇ ਸੰਗੀ ਸਨ। ਉਨ੍ਹਾਂ ਦਾ ਇਹ ਸੰਗ ਸਾਂਝੀਵਾਲਤਾ ਅਤੇ ਧਰਮ ਜਾਤੀ ਰਹਿਤ ਮਾਨਵਤਾਵਾਦੀ ਸੀ। ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ-ਯਾਤਰਾਵਾਂ ਵੀ ਦੁਰਲਭ ਅਤੇ ਸੰਦੇਸ਼ਵਾਹਕ ਹਨ। ਬਚਪਨ ਵਿੱਚ ਪਾਂਧੇ, ਪ੍ਰੋਹਿਤ ਤੇ ਵੈਦ ਨੂੰ ਉਪਦੇਸ਼, ਸੱਚਾ ਸੌਦਾ ਕਰਨਾ, ਮੋਦੀਖਾਨੇ ਤੇਰਾ-ਤੇਰਾ ਤੋਲਣਾ। ਜਗਤ ਜਲੰਦੇ ਨੂੰ ਤਾਰਨ ਹਿਤ ਚਾਰ ਮਹਾਨ ਉਦਾਸੀਆਂ ਕੀਤੀਆਂ, ਉਚ-ਨੀਚ ਦਾ ਭੇਦ ਭਾਵ ਮਿਟਾਇਆ, ਨਾਮ ਜਪਣ, ਵੰਡ ਛਕਣ ਤੇ ਧਰਮ ਦੀ ਕਿਰਤ ਕਰਨ ਦੀ ਸਿੱਖਿਆ ਦਿੱਤੀ। ਕਰਮਠਤਾ ਵਿਖਾਈ, ਵੱਖ-ਵੱਖ ਧਰਮਾਂ ਤੇ ਭਰਮਾਂ ਨੂੰ ਤੋੜਿਆ, ਨਿੰਦਾ ਕੀਤੀ, ਉਦਾਸੀਆਂ ਦੌਰਾਨ ਆਪ ਹਰਿਦੁਆਰ, ਕਾਂਸੀ ਗਯਾ, ਏਮਨਾਬਾਦ, ਮਥਰਾ, ਜਗਨਨਾਥ ਪੁਰੀ, ਜੈਸਲਮੇਰ, ਅਜਮੇਰ, ਪੁਸਕਰ ਆਬੂ, ਉਜੈਨ, ਨਾਂਦੇੜ, ਬਿਦਰ, ਰਾਮੇਸ਼ਵਰ, ਸੰਗਲਾਦੀਪ, ਸੋਮਨਾਥ, ਦਵਾਰਕਾ, ਜਵਾਲਾਮੁਖੀ, ਮਨੀਕਰਨ, ਸੁਕੇਤ, ਮੰਡੀ, ਚੰਬਾ, ਗੋਰਖਪੁਰ, ਪੀਪੀਭੀਤ, ਉਤਰਕਾਸ਼ੀ, ਤਿੱਬਤ, ਲੰਕਾ, ਭੂਟਾਨ, ਨੇਪਾਲ, ਚੀਨ, ਈਰਾਨ, ਗੁਜਰਾਤ, ਮੁਲਤਾਨ, ਸਿੰਧ, ਬਲੋਚਿਸਤਾਨ, ਮੱਕਾ, ਕਾਬਲ, ਮਦੀਨਾ, ਬਗਦਾਦ, ਜਲਾਲਾਬਾਦ, ਹਸਨ-ਅਬਦਾਲ, ਪੁੰਛ, ਬਰਮਾ ਆਦਿ ਕਈ ਦੂਰ-ਦੁਰੇਡੇ ਥਾਈਂ ਪੁੱਜੇ।

ਬਾਬਰ, ਮਲਿਕ ਭਾਗੋ, ਜੀਵਨ ਭੂਮੀਆ, ਪੀਰ ਬਹਿਲੋਲ, ਪੰਡਤ ਬ੍ਰਹਮਦਾਸ, ਰਾਏ ਬੁਲਾਰ, ਗੋਪਾਲ ਪਾਂਧਾ, ਹਰਦਿਆਲ ਪ੍ਰੋਹਿਤ, ਦੌਲਤ ਖਾਂ, ਲੋਧੀ, ਭਾਈ ਲਾਲੋ, ਭਾਈ ਮਰਦਾਨਾ, ਮਨਸੁਖ ਭਾਗੀਰਥ, ਦੂਨੀ ਚੰਦ, ਸ਼ੇਖ ਸੱਜਣ, ਮੀਆਂ ਮਿੱਠਾ, ਹਮਜਾ ਗੱਸ, ਸਲਾਮਸਰਾਇ, ਨੂਰ ਸਾਹ ਝੰਡਾਬਾਢੀ, ਕੌਡਾ ਰਾਖਸ਼, ਵਲੀ ਕੰਧਾਰੀ, ਰਾਜਾ ਸ਼ਿਵਨਾਭ ਆਦਿ ਅਨੇਕਾਂ ਨੂੰ ਆਪ ਨੇ ਵਰੋਸਾਇਆ ਅਤੇ ਸ਼ੁਭ ਕਰਮਨ, ਕਰਨੀ ਕਥਨੀ ਅਤੇ ਕਰਮਠਤਾ ਦਾ ਉਪਦੇਸ਼ ਦਿੱਤਾ।

**ਉਨ੍ਹਾਂ ਦੇ ਸਮਕਾਲੀ ਬਾਦਸ਼ਾਹ** : ਬਹਿਲੋਲ, ਸਿਕੰਦਰ, ਇਬਰਾਹੀਮ ਲੋਧੀ, ਬਾਬਰ ਅਤੇ ਹਮਾਯੂੰ ਹੋਏ ਹਨ।

ਕਵੀ ਬਾਬਾ ਨਾਨਕ ਜੀ ਨੂੰ ਉਰਦੂ, ਗੁਰਮੁਖੀ, ਸੰਸਕ੍ਰਿਤ, ਫਾਰਸੀ ਆਦਿ ਵਿੱਦਿਆ ਦਾ ਗਿਆਨ ਸੀ। ਉਨ੍ਹਾਂ ਨੇ ਲਗਭਗ 22 ਸਾਲ ਦੇਸ਼ਾਂ-ਵਿਦੇਸ਼ਾਂ ਵਿੱਚ ਪੈਦਲ ਚੱਲ ਕੇ ਧਰਮ ਪ੍ਰਚਾਰ ਕੀਤਾ। ਅੰਧ ਵਿਸ਼ਵਾਸ ਅਤੇ ਅਧਰਮ ਦਾ ਖੰਡਨ ਕੀਤਾ। ਆਪ ਨੇ ਪੰਜ ਵੱਡੀਆਂ ਉਦਾਸੀਆਂ ਕੀਤੀਆਂ; ਪਹਿਲੀ ਉਦਾਸੀ ਵਿੱਚ ਆਪ ਨੇ ਅੰਧ ਵਿਸ਼ਵਾਸ ਦੇ ਖਿਲਾਫ ਪ੍ਰਚਾਰ ਕੀਤਾ। ਆਪ ਪ੍ਰਸਿੱਧ ਹਿੰਦੂ ਤੀਰਥਾਂ ਜਿਵੇਂ ਕਿ ਜਗਨਨਾਥ ਪੁਰੀ, ਗਯਾ, ਬਨਾਰਸ, ਹਰਿਦੁਆਰ, ਕੁਰੂਕਸ਼ੇਤਰ ਆਦਿ ਸਥਾਨਾਂ ਵੱਲ ਗਏ।

ਦੂਸਰੀ ਉਦਾਸੀ ਵਿੱਚ ਆਪ ਪੰਜਾਬ ਤੋਂ ਮੰਗਲਾਦੀਪ (ਲੰਕਾ) ਤੱਕ ਗਏ ਅਤੇ ਲੋਕਾਂ ਵਿੱਚ ਵਿਚਰੇ, ਉਨ੍ਹਾਂ ਨੂੰ ਸਿੱਧੇ ਮਾਰਗ ਚੱਲਣ ਦਾ ਸੰਦੇਸ਼ ਦਿੱਤਾ।

ਤੀਜੀ ਉਦਾਸੀ ਵਿੱਚ ਆਪ ਕਸ਼ਮੀਰ ਦੇ ਪ੍ਰਸਿੱਧ ਵਿਦਵਾਨਾਂ, ਕਾਜੀਆਂ, ਮੌਲਾ ਨਾਲ ਵਿਚਾਰ ਵਟਾਂਦਰੇ ਕੀਤੇ, ਯੋਗੀਆਂ, ਸਿੱਧਾਂ, ਨਾਥਾਂ ਨਾਲ ਵਿਚਾਰ ਸਾਂਝੇ ਕੀਤੇਅਤੇ ਮਾਨਵਤਾ ਦਾ ਸੰਦੇਸ਼ ਦਿੱਤਾ।

ਚੌਥੀ ਉਦਾਸੀ ਵਿੱਚ ਮੱਕਾ-ਮਦੀਨੇ, ਬਗਦਾਦ ਆਦਿ ਸਥਾਨਾਂ ਉਪਰ ਗਏ ਅਤੇ ਉਨ੍ਹਾਂ ਨੂੰ ਰੱਬ ਦੀ ਹੋਂਦ ਕਣ-ਕਣ ਵਿੱਚ ਹੈ ਬਾਰੇ ਚਾਨਣਾ ਪਾਇਆ।

ਪੰਜਵੀਂ ਉਦਾਸੀ ਪੰਜਾਬ ਵਾਪਿਸ ਆ ਕੇ ਪਿੰਡ ਕਰਤਾਰਪੁਰ ਵਿਖੇ ਟਿਕ ਗਏ। ਡੇਰਾ ਬਾਬਾ ਨਾਨਕ ਜਿੱਥੇ ਆ ਕੇ ਬੈਠੇ, ਉਥੇ ਉਦੋਂ ਦਾ ਖੂਹ ਹੁਣ ਵੀ ਹੈ ਅਤੇ ਉਥੇ ਗੁਰਦੁਆਰਾ ਸਾਹਿਬ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਡੇਰਾ ਬਾਬਾ ਨਾਨਕ ਵਿਖੇ 17 ਸਾਲ 9 ਮਹੀਨੇ ਅਤੇ 13 ਦਿਨ ਰਹੇ। ਜਿੱਤੇ ਰੰਧਾਵੇ ਦੇ ਖੂਹ 'ਤੇ ਵੱਡੇ ਬੋਰਥ ਹੇਠਾਂ ਉਨ੍ਹਾਂ ਨੇ ਜਾਪ ਕੀਤਾ। ਡੇਰਾ ਬਾਬਾ ਨਾਨਕ ਵਿਖੇ ਚੋਹਲਾ ਸਾਹਿਬ ਗੁਰਦੁਆਰਾ ਹੈ ਜਿੱਥੇ ਗੁਰੂ ਜੀ ਦਾ ਚੋਹਲਾ ਅਤੇ ਬੇਬੇ ਨਾਨਕੀ ਦਾ ਕੱਢਿਆ ਹੋਇਆ ਰੁਮਾਲ ਸੁਰੱਖਿਅਤ ਹੈ। ਗੁਰੂ ਜੀ ਨੇ ਆਪਣੇ ਪੋਥੀ ਉੱਤਰ ਅਧਿਕਾਰੀ ਗੁਰੂ ਅੰਗਦ ਦੇਵ ਜੀ ਨੂੰ ਦੇ ਦਿੱਤੀ। ਕਰਤਾਰਪੁਰ ਵਿਖੇ ਵਿਸ਼ੇਸ਼ ਸੰਗਤ ਕਾਇਮ ਕੀਤੀ। ਕਲਾਨੌਰ ਦੇ ਕਰੋੜੀਮੱਲ ਦੀ ਜ਼ਮੀਨ ਸ੍ਰੀ ਕਰਤਾਰਪੁਰ ਉਸਨੇ ਗੁਰੂ ਸਾਹਿਬਾਨ ਨੂੰ ਦਿੱਤੀ ਸੀ। ਲੰਗਰ ਪਰੰਪਰਾ ਤੋਰੀ ਅਤੇ ਖ਼ੁਦ ਖੇਤੀ ਕੀਤੀ। ਆਪ ਜੀ ਨੇ ਗੁਰਗਦੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਖ਼ਸ਼ੀ। ਆਪ ਜੀ 1539 ਵਿੱਚ ਕਰਤਾਰਪੁਰ ਵਿਖੇ ਜੋਤੀਜੋਤ ਸਮਾਏ। ਡੇਰਾ ਬਾਬਾ ਨਾਨਕ ਵਿਖੇ ਗੁਰੂ ਜੀ ਦੀ ਵੰਸ਼ ਵਿੱਚੋਂ ਬਾਬਾ ਅਵਤਾਰ ਸਿੰਘ ਜੀ ਦੀ ਪੀੜ੍ਹੀ ਚਲ ਰਹੀ ਹੈ। ਲਾਹੌਰ, ਪਾਕਿਸਤਾਨ ਵਿੱਚ ਸੇਵਾ ਮੁਕਤ ਕੈਪਟਨ (ਪੰਡਿਤ ਪਰ ਹੁਣ ਮੁਸਲਮਾਨ ਬਣ ਚੁੱਕੇ ਹਨ) ਮੁਲਤਾਨ ਅਹਿਮਦ ਖ਼ਾਨ ਕੋਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਕੋਟ (ਚੋਹਲੇ) ਹਨ। ਮੁਲਤਾਨ ਅਹਿਮਦ ਖ਼ਾਨ ਦੇ ਬਾਬਾ ਜੀ ਮੁਹਕਮਦੀਨ ਜੀ ਨੂੰ ਪਟਿਆਲੇ ਦੇ ਰਾਜਾ ਨੇ ਦੋਸਤਾਨਾ ਨਾਤੇ ਨਿਸ਼ਾਨੀ ਵਜੋਂ ਗੁਰੂ ਨਾਨਕ ਦੇਵ ਜੀ ਦੇ ਚੋਹਲੇ ਦਿੱਤੇ ਸਨ। ਇਹ ਚੋਹਲੇ ਉਨ੍ਹਾਂ ਕੋਲ ਸੁਰੱਖਿਅਤ ਹਨ। ਇਨ੍ਹਾਂ ਕੋਟਾਂ ਦਾ ਇੱਕ ਕਰੋੜ ਰੁਪਿਆ ਉਨ੍ਹਾਂ ਨੂੰ ਮਿਲਦਾ ਸੀ ਪਰ ਉਨ੍ਹਾਂ ਨੇ ਰੁਪਏ ਨਹੀਂ ਲਏ।

---

# ਜੈਵਿਕ ਖੇਤੀ ਵਿੱਚ ਨਵੀਂਆਂ ਪੈੜ੍ਹਾਂ ਸਿਰਜਣ ਵਾਲਾ ਨੌਜਵਾਨ ਕਿਸਾਨ : ਸ. ਅੰਮ੍ਰਿਤ ਸਿੰਘ

ਅਮਨਦੀਪ ਸਿੰਘ ਸਿੱਧੂ, ਸੋਹਨ ਸਿੰਘ ਵਾਲੀਆ ਅਤੇ ਵਜਿੰਦਰ ਪਾਲ ਕਾਲੜਾ,
ਸਕੂਲ ਆਫ਼ ਆਰਗੈਨਿਕ ਫ਼ਾਰਮਿੰਗ, ਪੀ. ਏ. ਯੂ., ਲੁਧਿਆਣਾ
ਮੋਬਾਇਲ : ਅਮਨਦੀਪ ਸਿੰਘ ਸਿੱਧੂ 62800-60543

ਅੰਮ੍ਰਿਤ ਸਿੰਘ ਨੇ ਸਾਲ 2016 ਵਿੱਚ ਹੋਈ ਪੀ. ਏ. ਯੂ. ਕਿਸਾਨ ਕਲੱਬ ਦੀ ਮੀਟਿੰਗ ਵਿੱਚ ਆਰਗੈਨਿਕ ਕਲੱਬ ਬਣਾਉਣ ਦੀ ਮੰਗ ਰੱਖੀ, ਜਿਸਨੂੰ ਯੂਨੀਵਰਸਿਟੀ ਅਧਿਕਾਰੀਆਂ ਨੇ ਪ੍ਰਵਾਨ ਕਰ ਲਿਆ। ਉਸ ਸਾਲ ਸ਼ੁਰੂ ਹੋਏ ਪੀ.ਏ.ਯੂ ਆਰਗੇਨਿਕ ਫ਼ਾਰਮਰਜ਼ ਕਲੱਬ ਦਾ ਵੀ ਅੰਮ੍ਰਿਤ ਸਿੰਘ ਮੈਂਬਰ ਬਣਿਆ। ਫਿਰ ਅੰਮ੍ਰਿਤ ਸਿੰਘ ਨੇ ਆਪਣੇ ਤਜ਼ਰਬਿਆਂ ਨੂੰ ਵਧਾਉਦਿਆਂ ਹੋਇਆ 4 ਕਿੱਲੇ ਕੁਦਰਤੀ ਖੇਤੀ ਅਧੀਨ ਕਰ ਦਿੱਤੇ। ਇਸ ਕਿਸਾਨ ਨੇ ਆਪਣੇ ਖੇਤ ਵਿੱਚ ਪੈਦਾ ਹੋਈ ਫ਼ਸਲ ਤੇ ਅਨਾਜ ਨੂੰ ਆਪਣੀ ਕਿਸਾਨ ਹੱਟ ਤੇ ਵੇਚਣ ਦਾ ਵੀ ਤਜ਼ਰਬਾ ਕੀਤਾ ਜਿਹਦੇ ਵਿੱਚ ਇਸਨੇ ਆਪਣੇ ਹੋਰਨਾਂ ਸਾਥੀਆਂ ਨਾਲ ਮਿਲ ਕੇ ਇਸਨੂੰ ਕੋਆਪਰੇਟਿਵ ਮਾਡਲ ਵਿੱਚ ਵੀ ਤਬਦੀਲ ਕਰ ਦਿੱਤਾ। ਆਪਣੇ ਸਿੱਖਣ ਦੇ ਤਜ਼ਰਬੇ ਨੂੰ ਵਧਾਉਂਦੇ ਹੋਏ ਇਸਨੇ ਮਿਲਣ ਰਿਸਰਚ ਸੈਂਟਰ ਤੋਂ ਬਾਜਰੇ ਬਾਰੇ ਟ੍ਰੇਨਿੰਗ ਲਈ ਜਿਸ ਤੋਂ ਬਾਅਦ ਉਸ ਨੇ ਰਾਗੀ, ਜਵਾਰ ਕੋਧਰੇ ਵਰਗੀਆਂ ਫ਼ਸਲਾਂ ਦੀ ਆਪਣੇ ਖੇਤੀ ਕਿੱਤੇ ਵਿੱਚ ਸ਼ਾਮਿਲ ਕੀਤੀਆਂ। ਅੰਮ੍ਰਿਤ ਸਿੰਘ ਸਾਲ 2017 ਤੋਂ ਕ੍ਰਿਸ਼ੀ ਵਿਗਿਆਨ ਕੇਂਦਰ ਬਰਨਾਲਾ ਦੇ ਨਾਲ ਸੰਪਰਕ ਵਿੱਚ ਹੈ ਅਤੇ ਇਸਨੇ ਪੀ. ਏ. ਯੂ. ਦੇ ਸਕਿੱਲ ਡਿਵੈਲਪਮੈਂਟ ਸੈਂਟਰ ਤੋਂ ਯੰਗ ਫਾਰਮਰਜ਼ ਲਈ ਤਿਮਾਹੀ ਕੋਰਸ ਵੀ ਕੀਤਾ। ਸਕੂਲ ਆਫ਼ ਆਰਗੈਨਿਕ ਫਾਰਮਿੰਗ ਦੀ ਸਥਾਪਨਾ ਹੋਣ ਤੋ ਬਾਅਦ ਅੰਮ੍ਰਿਤ ਸਿੰਘ ਇੱਥੋਂ ਦੇ ਮਾਹਿਰਾਂ ਨਾਲ ਵੀ ਲਗਾਤਾਰ ਸੰਪਰਕ ਦੇ ਵਿੱਚ ਰਹਿੰਦਾ ਹੈ। ਆਪਣੇ ਕੁਦਰਤੀ ਖੇਤੀ ਨਾਲ ਬਣੇ ਪਿਆਰ ਨੂੰ ਵਧਾਉਂਦੇ ਹੋਏ ਆਪਣੇ ਬਲਾਕ ਵਿੱਚ ਬਰਨਾਲਾ ਨੈਚੂਰਲ ਫਾਰਮਰਜ਼ ਐਸੋਸੀਏਸ਼ਨ ਵੀ ਬਣਾਈ ਜਿਸ ਵਿੱਚ ਹੁਣ ਤੱਕ 30 ਤੋਂ ਵੱਧ ਮੈਂਬਰ ਬਣ ਚੁੱਕੇ ਹਨ। ਆਪਣੇ ਇਸ ਸਫ਼ਰ ਵਿੱਚ ਇਸਨੂੰ ਕਾਫ਼ੀ ਮੁਸ਼ਕਿਲਾਂ ਦਾ ਵੀ ਸਾਹਮਣਾ ਕਰਨਾ ਪਿਆ ਜਿਸ ਵਿੱਚ ਦੇਸੀ ਬੀਜਾਂ ਦੀ ਉਪਲੱਬਧਤਾ ਇੱਕ ਵੱਡਾ ਰੋੜਾ ਸੀ। ਇਸੇ ਕੜੀ ਦੀ ਅਗਲੀ ਯਾਤਰਾ ਉਸ ਨੇ ਅੰਨਦਨਾ ਸੋਇਲ ਐਂਡ ਸੀਡ ਸੇਵਰ ਸੰਸਥਾ ਬੈਂਗਲੋਰ ਤੋਂ ਟ੍ਰੇਨਿੰਗ ਲੈ ਕੇ ਕੀਤੀ, ਜਿਸ ਵਿੱਚ ਇਸਨੂੰ ਦੇਸੀ ਬੀਜਾਂ ਦਾ ਬੀਜ ਬੈਂਕ ਵੇਖਣ ਨੂੰ ਮਿਲਿਆ। ਆਪਣੇ ਵਧਦੇ ਹੋਏ ਤਜ਼ਰਬਿਆਂ ਤੋਂ ਸਿੱਖਦੇ ਹੋਏ ਅੰਮ੍ਰਿਤ ਸਿੰਘ ਨੇ ਆਪਣੇ ਫ਼ਾਰਮ ਤੇ ਦੇਸੀ ਬੀਜਾਂ ਤੇ ਮਿੱਟੀ ਦੀ ਸਿਹਤ ਤੇ ਕੰਮ ਕਰਨਾ ਸ਼ੁਰੂ ਕੀਤਾ। ਜਿਸ ਵਿੱਚ ਪੀ.ਏ.ਯੂ. ਦੇ ਸਕਿੱਲ ਡਿਵੈਲਪਮੈਂਟ ਸੈਂਟਰ ਅਤੇ ਸਕੂਲ ਆਫ਼ ਆਰਗੈਨਿਕ ਫਾਰਮਿੰਗ ਦਾ ਵੀ ਕਾਫ਼ੀ ਵੱਡਾ ਹੱਥ ਹੈ। ਸਾਲ 2022 ਵਿੱਚ ਇਸ ਕਿਸਾਨ ਨੂੰ ਪੀ. ਏ. ਯੂ. ਆਰਗੈਨਿਕ ਫਾਰਮਿੰਗ ਕਲੱਬ ਦਾ ਪ੍ਰਧਾਨ ਵੀ ਚੁਣਿਆ ਗਿਆ। ਅੰਮ੍ਰਿਤ ਸਿੰਘ ਨੇ ਆਪਣੇ ਕਲੱਬ ਦੀ ਸਹਾਇਤਾ ਨਾਲ ਕੁਦਰਤੀ ਖੇਤੀ ਦੇ ਨਾਲ-ਨਾਲ ਰੁੱਖਾਂ ਦੀ ਨਰਸਰੀ ਤੇ ਵੀ ਕੰਮ ਕਰਨਾ ਸ਼ੁਰੂ ਕੀਤਾ। ਇਸ ਕੰਮ ਲਈ ਪੰਜਾਬ ਬਾਗਬਾਨੀ ਵਿਭਾਗ ਪਾਸੋਂ ਟ੍ਰੇਨਿੰਗ ਪ੍ਰਾਪਤ ਕਰਕੇ ਆਪਣੇ ਜ਼ਰੂਰਤ ਦੇ 50-60% ਬੂਟੇ ਆਪ ਹੀ ਤਿਆਰ ਕਰ ਲੈਂਦੇ ਹਨ। ਅੰਮ੍ਰਿਤ ਸਿੰਘ ਨੇ ਸਾਲ 2023 ਵਿੱਚ ਕੁਦਰਤੀ ਖੇਤੀ ਨੂੰ ਨਵੀਆਂ ਉਚਾਈਆਂ ਦੇਂਦੇ ਹੋਏ ਇੱਕ ਮੁਹਿੰਮ ਦਾ ਵੀ ਆਗਾਜ਼ ਕੀਤਾ ਜਿਸ ਦਾ ਨਾਮ ਆਪਣੀ ਖੇਤੀ ਆਪਣੇ ਬੀਜ ਰੱਖਿਆ ਗਿਆ।







# ਫ਼ਲਦਾਰ ਬੂਟਿਆਂ ਦੀ ਪੌਦ-ਸੁਰੱਖਿਆ ਲਈ ਨੁਕਤੇ

ਪਰਮਿੰਦਰ ਕੌਰ,
ਸਵਰੀਤ ਖਹਿਰਾ, ਪੀ. ਏ. ਯੂ.
ਲੁਧਿਆਣਾ, ਫ਼ਾਰਮ ਸਲਾਹਕਾਰ
ਸੇਵਾ ਕੇਂਦਰ, ਤਰਨ ਤਾਰਨ

ਫ਼ਲਦਾਰ ਬੂਟਿਆਂ ਦੀ ਸਿਹਤ ਬਰਕਰਾਰ ਰੱਖਣਾ ਮਹੱਤਵਪੂਰਨ ਕੰਮ ਹੈ। ਕੀੜੇ-ਮਕੌੜੇ ਤੇ ਬਿਮਾਰੀਆਂ ਦੀ ਮਾਰ ਹੇਠ ਆਏ ਫ਼ਲਦਾਰ ਬੂਟੇ ਨਸ਼ਟ ਹੋ ਜਾਂਦੇ ਹਨ। ਬੂਟਿਆਂ ਦੀ ਸੁਰੱਖਿਆ ਲਈ ਸਿਰਫ਼ ਰਸਾਇਣਕ ਦਵਾਈਆਂ 'ਤੇ ਨਿਰਭਰ ਹੋਣਾ ਹਮੇਸ਼ਾ ਲਾਭਕਾਰੀ ਨਹੀਂ ਰਹਿੰਦਾ। ਇਸ ਲਈ ਇਹ ਜ਼ਰੂਰੀ ਹੈ ਕਿ ਪੌਦ-ਸੁਰੱਖਿਆ ਲਈ ਕੁਝ ਸਾਧਾਰਨ ਪਰ ਅਸਰਦਾਰ ਤਰੀਕੇ ਅਪਣਾਏ ਜਾਣ। ਇਸ ਨਾਲ ਕਿਸਾਨ ਖ਼ਰਚਾ ਵੀ ਘਟਾ ਸਕਦੇ ਹਨ ਅਤੇ ਆਪਣੀ ਫ਼ਸਲ ਨੂੰ ਬਿਮਾਰੀਆਂ ਤੋਂ ਸੁਰੱਖਿਅਤ ਵੀ ਰੱਖ ਸਕਦੇ ਹਨ। ਹੇਠਲੇ ਕੁਝ ਨੁਕਤਿਆਂ ਦੀ ਸਹੀ ਵਰਤੋਂ ਨਾਲ ਬਾਗਬਾਨ ਫ਼ਲਦਾਰ ਬੂਟਿਆਂ ਨੂੰ ਨੁਕਸਾਨ ਪਹੁੰਚਣ ਤੋਂ ਬਚਾ ਸਕਦੇ ਹਨ ਤੇ ਆਪਸੀ ਫ਼ਸਲ ਦੀ ਪੈਦਾਵਾਰ ਵਿੱਚ ਵਾਧਾ ਕਰ ਸਕਦੇ ਹਨ।

**ਬੂਟਿਆਂ ਦੇ ਜ਼ਖ਼ਮਾਂ ਨੂੰ ਰੋਗ ਰਹਿਤ ਕਰਨ ਦਾ ਘੋਲ**

ਜਦੋਂ ਬੂਟਿਆਂ ਦੇ ਤਨਿਆਂ ਜਾਂ ਟਾਹਣੀਆਂ 'ਤੇ ਕੱਟ ਜਾਂ ਜ਼ਖ਼ਮ ਹੋ ਜਾਂਦੇ ਹਨ ਤਾਂ ਉਨ੍ਹਾਂ 'ਤੇ ਉੱਲੀ ਦੇ ਹਮਲੇ ਦੀ ਸੰਭਾਵਨਾ ਵੱਧ ਜਾਂਦੀ ਹੈ। ਇਹ ਘੋਲ ਉਨ੍ਹਾਂ ਨੂੰ ਰੋਗ ਰਹਿਤ ਬਣਾਉਣ ਲਈ ਵਰਤਿਆ ਜਾਂਦਾ ਹੈ। ਘੋਲ ਬਣਾਉਣ ਦਾ ਤਰੀਕਾ ਇਸ ਤਰ੍ਹਾਂ ਹੈ :-

ਮਰਕਿਊਰਿਕ ਕਲੋਰਾਈਡ 1 ਗ੍ਰਾਮ, ਮੈਥੀਲੇਟਿਡ ਸਪਿਰਿਟ 250 ਮਿ.ਲਿ. ਅਤੇ ਪਾਣੀ 750 ਮਿ.ਲਿ.।

ਇਹ ਘੋਲ ਕੱਚ ਦੇ ਭਾਂਡੇ ਵਿੱਚ ਹੀ ਤਿਆਰ ਕਰੋ। ਘੋਲ ਨੂੰ ਜ਼ਖ਼ਮਾਂ ਜਾਂ ਕੱਟੇ ਹੋਏ ਥਾਵਾਂ 'ਤੇ ਲਾਉਣ ਵੇਲੇ ਰੂੰ ਦੀ ਵਰਤੋਂ ਕਰੋ ਅਤੇ ਘੋਲ ਸੁੱਕਣ ਤੋਂ ਬਾਅਦ ਬੁਰਸ਼ ਨਾਲ ਬੋਰਡੋ ਪੇਸਟ ਲਾ ਦਿਓ।

**ਸਫ਼ੈਦੀ ਦਾ ਮਿਸ਼ਰਣ** :- ਇਹ ਮਿਸ਼ਰਣ ਬੂਟਿਆਂ ਲਈ ਕੁਦਰਤੀ ਰਸਾਇਣ ਹੈ, ਜੋ ਬੂਟਿਆਂ ਨੂੰ ਗਰਮੀ, ਕੀੜੇ-ਮਕੌੜੇ ਤੇ ਬਿਮਾਰੀਆਂ ਤੋਂ ਬਚਾਉਂਦਾ ਹੈ। ਇਸ ਲਈ ਤਣੇ 'ਤੇ ਸਫ਼ੈਦੀ ਜ਼ਰੂਰ ਕਰਨੀ ਚਾਹੀਦੀ ਹੈ।

**ਸਫ਼ੈਦੀ ਬਣਾਉਣ ਦਾ ਤਰੀਕਾ** : ਚੂਨਾ 25 ਕਿਲੋ, ਨੀਲਾ ਥੋਥਾ 500 ਗ੍ਰਾਮ, ਸੁਰੇਸ਼ 500 ਗ੍ਰਾਮ, ਪਾਣੀ 100 ਲਿਟਰ।

ਸੁਰੇਸ਼ ਨੂੰ ਪਹਿਲਾਂ ਗਰਮ ਪਾਣੀ ਵਿੱਚ ਘੋਲੋ ਅਤੇ ਫਿਰ ਸਾਰੀ ਸਮੱਗਰੀ ਮਿਲਾ ਕੇ ਮਿਸ਼ਰਣ ਤਿਆਰ ਕਰੋ।

ਬੋਰਡੋ ਪੇਸਟ ਕੱਟੇ ਹੋਏ ਹਿੱਸਿਆਂ ਨੂੰ ਨਮੀ, ਕੀੜਿਆਂ ਅਤੇ ਉੱਲੀ ਤੋਂ ਬਚਾਉਣ ਲਈ ਇਹ ਪੇਸਟ ਬੂਟਿਆਂ 'ਤੇ ਲਗਾਈ ਜਾਂਦੀ ਹੈ।

**ਪੇਸਟ ਬਣਾਉਣ ਦਾ ਤਰੀਕਾ** : ਕਾਪਰ ਸਲਫੇਟ ਨੀਲਾ ਥੋਥਾ 2 ਕਿਲੋ, ਚੂਨਾ 3 ਕਿਲੋ, ਪਾਣੀ 30 ਲਿਟਰ।

2 ਕਿਲੋ ਕਾਪਰ ਸਲਫ਼ੇਟ ਨੂੰ 15 ਲਿਟਰ ਪਾਣੀ ਵਿੱਚ ਘੋਲ ਕੇ ਇੱਕ ਹੋਰ ਭਾਂਡੇ ਵਿੱਚ 15 ਲਿਟਰ ਪਾਣੀ ਵਿੱਚ ਘੋਲੋ। ਇਸ ਪਾਣੀ ਵਿੱਚੋਂ ਥੋੜ੍ਹਾ ਪਾਣੀ ਲੈ ਕੇ ਇਸ ਵਿੱਚ 3 ਕਿਲੋ ਚੂਨਾ ਮਿਲਾਓ ਅਤੇ ਫਿਰ ਇਸ ਚੂਨੇ ਦੇ ਘੋਲ ਵਿੱਚ ਭਾਂਡੇ ਵਿਚਲਾ ਪਾਣੀ ਪਾ ਦਿਓ। ਫਿਰ ਵੱਖ-ਵੱਖ ਤਿਆਰ ਕੀਤੇ ਕਾਪਰ ਸਲਫੇਟ ਅਤੇ ਚੂਨੇ ਨੂੰ ਆਪਸ ਵਿੱਚ ਚੰਗੀ ਤਰ੍ਹਾਂ ਮਿਲਾ ਕੇ ਹਿਲਾਓ। ਇਸ ਪੇਸਟ ਨੂੰ ਕੱਟੇ ਹੋਏ ਜਾਂ ਜ਼ਖ਼ਮਾਂ 'ਤੇ ਬੁਰਸ਼ ਨਾਲ ਲਾ ਦਿਓ।

**ਬੋਰਡੋ ਪੇਂਟ** : ਜਿੱਥੇ ਮੀਂਹ ਜਾਂ ਨਮੀ ਜ਼ਿਆਦਾ ਹੁੰਦੀ ਹੈ, ਉੱਥੇ ਪੇਂਟ ਜ਼ਿਆਦਾ ਦਿਨ ਚੱਲਦਾ ਹੈ ਤੇ ਫ਼ਲਦਾਰ ਬੂਟਿਆਂ ਦੇ ਰੋਗਾਂ ਦੀ ਰੋਕਥਾਮ ਕਰਦਾ ਹੈ।

**ਪੇਂਟ ਬਣਾਉਣ ਦਾ ਤਰੀਕਾ** : ਮੋਨੋਹਾਈਡ੍ਰੇਟਿਡ ਕਾਪਰ ਸਲਫੇਟ (ਨੀਲਾ ਥੋਥਾ) 1 ਕਿਲੋ, ਹਾਈਡ੍ਰੇਟਿਡ ਲਾਈਮ ਡਸਟ ਚੂਨਾ 2 ਕਿਲੋ ਅਤੇ ਉਬਲਿਆ ਅਲਸੀ ਦਾ ਤੇਲ 3 ਕਿਲੋ।

ਕਾਪਰ ਸਲਫੇਟ (ਨੀਲਾ ਥੋਥਾ) ਨੂੰ ਪਾਊਡਰ ਬਣਾਉਣ ਲਈ ਲੋਹੇ ਦੀ ਤਵੀ 'ਤੇ ਰੱਖ ਭੁੰਨੋ ਜਦੋਂ ਤੱਕ ਇਸ ਦਾ ਧੂੜਾ ਨਾ ਬਣ ਜਾਵੇ। ਕਾਪਰ ਸਲਫੇਟ ਦਾ ਧੂੜਾ ਅਤੇ ਚੂਨੇ ਦਾ ਧੂੜਾ ਰਲਾ ਕੇ ਇਸ ਵਿੱਚ ਅਲਸੀ ਦਾ ਤੇਲ ਪਾ ਦਿਓ। ਬੋਰਡੋ ਪੇਂਟ ਬਣਾਉਣ ਲਈ ਇਹ ਤਿੰਨੇ ਚੀਜ਼ਾਂ ਰਲਾ ਕੇ ਇੱਕ ਕਰ ਲਓ। ਫਿਰ ਇਸ ਦੀ ਬੁਰਸ਼ ਨਾਲ ਜ਼ਖ਼ਮਾਂ 'ਤੇ ਵਰਤੋਂ ਕੀਤੀ ਜਾ ਸਕਦੀ ਹੈ। ਇਸ ਪੇਂਟ ਨੂੰ ਕਿਸੇ ਮਿੱਟੀ, ਪਲਾਸਟਿਕ ਜਾਂ ਸ਼ੀਸ਼ੇ ਦੇ ਬਰਤਨ ਵਿੱਚ ਹੀ ਸੰਭਾਲੋ। ਇਹ ਪੇਂਟ ਬੂਟੇ ਦੇ ਜ਼ਖ਼ਮ ਅਤੇ ਇਸ ਦੀ ਅੰਦਰਲੀ ਲੱਕੜ ਗਲਣ ਤੋਂ ਬਚਾਉਂਦਾ ਹੈ।

**ਬੋਰਡੋ ਮਿਸ਼ਰਣ** : ਬੋਰਡੋ ਮਿਸ਼ਰਣ ਫ਼ਲਦਾਰ ਬੂਟਿਆਂ ਲਈ ਇੱਕ ਵਰਦਾਨ ਹੈ। ਇਸ ਦੀ ਬੂਟੇ ਨਾਲ ਚਿੰਬੜਨ ਦੀ ਸ਼ਕਤੀ ਕਾਰਨ ਇਹ ਬਹੁਤ ਸਾਰੇ ਫ਼ਲਦਾਰ ਬੂਟਿਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਢੁੱਕਵਾਂ ਹੈ ਤੇ ਇਸ ਦਾ ਅਸਰ ਕਾਫ਼ੀ ਦੇਰ ਤੱਕ ਰਹਿੰਦਾ ਹੈ। ਇਹ ਇੱਕ ਅਜਿਹਾ ਨਿਰਾਲਾ ਉੱਲੀਨਾਸ਼ਕ ਹੈ, ਜੋ ਬੈਕਟੀਰੀਆ ਰਾਹੀਂ ਹੋਣ ਵਾਲੀਆਂ ਬਿਮਾਰੀਆਂ ਦੀ ਵੀ ਰੋਕਥਾਮ ਕਰਦਾ ਹੈ। ਇਹ ਮਿਸ਼ਰਣ ਸਸਤਾ ਹੋਣ ਕਰਕੇ ਵਰਤਣਾ ਬਹੁਤ ਸੌਖਾ ਹੈ।

**ਘੋਲ ਬਣਾਉਣ ਦਾ ਤਰੀਕਾ** : ਕਾਪਰ ਸਲਫੇਟ (ਨੀਲਾ ਥੋਥਾ) 2 ਕਿਲੋ, ਅਣਬੁਝਿਆ ਚੂਨਾ 2 ਕਿਲੋ ਅਤੇ ਪਾਣੀ 250 ਲਿਟਰ।

ਬੋਰਡੋ ਮਿਸ਼ਰਣ ਤਿਆਰ ਕਰਨ ਲਈ 2 ਕਿਲੋ ਕਾਪਰ ਸਲਫੇਟ ਨੂੰ 125 ਲਿਟਰ ਪਾਣੀ ਵਿੱਚ ਘੋਲੋ। ਸਰਦੀ ਮੌਸਮ ਦੌਰਾਨ ਕਾਪਰ ਸਲਫੇਟ ਨੂੰ ਗਰਮ ਪਾਣੀ ਵਿੱਚ ਘੋਲੋ ਕਿਉਂਕਿ ਠੰਡੇ ਪਾਣੀ ਵਿੱਚ ਇਹ ਬਹੁਤ ਹੌਲੀ ਘੁਲਦਾ ਹੈ। ਦੂਜੇ ਭਾਂਡੇ ਵਿੱਚ 2 ਕਿਲੋ ਅਣਬੁਝਿਆ ਚੂਨਾ ਲਓ ਅਤੇ ਇਸ ਨੂੰ ਹੌਲੀ-ਹੌਲੀ ਪਾਣੀ ਦੇ ਛਿੱਟੇ ਮਾਰ ਕੇ ਠੰਡਾ ਕਰੋ। ਇਸ ਦਾ ਪਾਊਡਰ ਬਣਨ ਤੋਂ ਬਾਅਦ ਇਸ ਵਿੱਚ ਪਾਣੀ ਮਿਲਾਓ ਅਤੇ ਪਾਣੀ ਦੀ ਮਾਤਰਾ 125 ਲਿਟਰ ਕਰ ਦਿਓ। ਚੂਨੇ ਦਾ ਘੋਲ ਮਿਲਾਉਣ ਤੋਂ ਪਹਿਲਾਂ ਇਸ ਨੂੰ ਚੰਗੀ ਤਰ੍ਹਾਂ ਪੁਣ ਲਓ। ਇਹ ਦੋਵੇਂ ਘੋਲ ਮਿਲਾ ਦਿਓ ਅਤੇ ਦੋਵੇਂ ਘੋਲ ਮਿਲਾਉਣ ਸਮੇਂ ਘੋਲ ਨੂੰ ਲੱਕੜੀ ਦੀ ਸੋਟੀ ਨਾਲ ਹਿਲਾਉਂਦੇ ਰਹੋ। ਸਪਰੇਅ ਪੰਪ ਵਿੱਚ ਪਾਉਣ ਤੋਂ ਪਹਿਲਾਂ ਵੀ ਘੋਲ ਨੂੰ ਪੁਣ ਲਓ।

**ਛਿੜਕਾਅ ਕਰਨ ਦਾ ਸਮਾਂ** : ਬਿਮਾਰ ਤੇ ਸੁੱਕੀਆਂ ਟਾਹਣੀਆਂ ਨੂੰ ਕਾਂਟ-ਛਾਂਟ ਤੋਂ ਤੁਰੰਤ ਬਾਅਦ ਇੱਕਠੇ ਕਰਕੇ ਸਾੜ ਦਿਓ। ਇਸ ਤੋਂ ਬਾਅਦ ਜ਼ਖ਼ਮਾਂ 'ਤੇ ਘੱਟੋ-ਘੱਟ ਬੋਰਡੋ ਮਿਸ਼ਰਣ ਦਾ ਇੱਕ ਛਿੜਕਾਅ ਕਰੋ ਤਾਂ ਜੋ ਬਿਮਾਰੀ ਦੀ ਲਾਗ ਅੱਗੇ ਨਾ ਫੈਲ ਸਕੇ। ਹੇਠਾਂ ਦਿੱਤੀ ਸਾਰਨੀ ਵਿੱਚ ਬੂਟਿਆਂ ਦੀਆਂ ਵੱਖੋ-ਵੱਖਰੀਆਂ ਬਿਮਾਰੀਆਂ ਦੀ ਰੋਕਥਾਮ ਤੇ ਬੋਰਡੋ ਮਿਸ਼ਰਣ ਦੇ ਛਿੜਕਾਅ ਕਰਨ ਦਾ ਸਮਾਂ ਦੱਸਿਆ ਹੈ।

| ਤਿਆਰ ਕੀਤਾ ਗਿਆ ਮਿਸ਼ਰਣ | | |
|---|---|---|
| ਫ਼ਲਦਾਰ ਬੂਟੇ | ਬਿਮਾਰੀ ਦਾ ਨਾਂਅ | ਛਿੜਕਾਅ ਦਾ ਸਮਾਂ |
| ਨਾਸ਼ਪਤੀ | ਕਰੂੰਬਲਾਂ ਤੇ ਫ਼ਲਾਂ ਦਾ ਸੜਨਾ ਤੇ ਛਿੱਲ ਦਾ ਕੋਹੜ | ਜਨਵਰੀ, ਮਾਰਚ ਤੇ ਜੂਨ |
| ਅੰਬ | ਧੱਬਿਆਂ ਦਾ ਰੋਗ ਤੇ ਟਾਹਣੀਆਂ ਦਾ ਸੁੱਕਣਾ<br>ਤਣੇ ਦਾ ਕੋਹੜ<br><br>ਅੰਬ ਦੀ ਨੋਕ ਦਾ ਕਾਲਾ ਹੋਣਾ | ਕਾਂਟ-ਛਾਂਟ ਤੋਂ ਤੁਰੰਤ ਬਾਅਦ<br>ਹਰ 15 ਦਿਨਾਂ ਪਿੱਛੋਂ ਕਰੋ ਅਤੇ ਲੋੜ ਪੈਣ 'ਤੇ<br>ਜੁਲਾਈ ਵਿੱਚ ਇੱਕ ਵਾਰ<br>ਫੁੱਲ ਪੈਣ ਤੋਂ ਬਾਅਦ |
| ਅੰਗੂਰ | ਟਾਹਣੀਆਂ ਸੁੱਕਣ ਦਾ ਰੋਗ, ਪੱਤਿਆਂ ਦੇ ਧੱਬੇ<br>ਤੇ ਪੀਲੇ ਧੱਬਿਆਂ ਦਾ ਰੋਗ | ਜਨਵਰੀ-ਫਰਵਰੀ ਕਾਂਟ-ਛਾਂਟ ਤੋਂ ਤੁਰੰਤ ਬਾਅਦ<br>ਅਖ਼ੀਰ ਮਾਰਚ, ਅਖ਼ੀਰ ਅਪ੍ਰੈਲ, ਅਖ਼ੀਰ ਮਈ,<br>ਅੱਧ ਜੁਲਾਈ, ਅੱਧ ਅਗਸਤ, ਅੱਧ ਸਤੰਬਰ |
| ਅਨਾਰ | ਕਾਲੇ ਧੱਬਿਆਂ ਨਾਲ ਗਲਣਾ | ਮਈ, ਜੂਨ ਤੇ ਜੁਲਾਈ |
| ਨਿੰਬੂ ਜਾਤੀ | ਬੂਟਿਆਂ ਦੇ ਜ਼ਮੀਨ ਨਾਲ ਲਗਦੇ ਹਿੱਸੇ ਦਾ ਗਲਣਾ<br><br>ਟਾਹਣੀਆਂ ਦਾ ਰੋਗ<br>ਕੋਹੜ ਰੋਗ<br>ਸਕੈਬ ਦਾ ਰੋਗ<br>ਤਣੇ ਅਤੇ ਫ਼ਲ ਗਲਣ ਦਾ ਰੋਗ | ਫਰਵਰੀ, ਮਾਰਚ, ਜੁਲਾਈ ਤੇ ਅਗਸਤ<br>(ਪੈਰ ਗਲਣ ਦਾ ਰੋਗ)<br>ਮਾਰਚ, ਜੁਲਾਈ ਅਤੇ ਸਤੰਬਰ<br>ਅਕਤੂਬਰ, ਦਸੰਬਰ ਅਤੇ ਫਰਵਰੀ<br>ਜੂਨ ਤੋਂ ਅਗਸਤ ਤੱਕ 20 ਦਿਨਾਂ ਦੇ ਵਕਫ਼ੇ 'ਤੇ<br>ਜੁਲਾਈ, ਅਗਸਤ ਤੇ ਸਤੰਬਰ |

**ਧਿਆਨ ਦੇਣ ਯੋਗ ਕੁਝ ਗੱਲਾਂ**

★ ਬੋਰਡੋ ਮਿਸ਼ਰਣ ਤੋਂ ਪੂਰਾ ਲਾਭ ਲੈਣ ਲਈ ਹਮੇਸ਼ਾ ਤਾਜ਼ਾ ਤਿਆਰ ਕਰੋ।

★ ਮੀਂਹ ਵਾਲੇ ਮੌਸਮ ਵਿੱਚ ਬੋਰਡੋ ਮਿਸ਼ਰਣ ਦਾ ਛਿੜਕਾਅ ਨਾ ਕਰੋ।

★ ਜ਼ਿਆਦਾ ਗਰਮੀ ਵਾਲੇ ਦਿਨਾਂ ਵਿੱਚ ਬੋਰਡੋ ਮਿਸ਼ਰਣ ਦਾ ਛਿੜਕਾਅ ਨਾ ਕਰੋ।

★ ਬੋਰਡੋ ਮਿਸ਼ਰਣ ਨੂੰ ਕਿਸੇ ਹੋਰ ਰਸਾਇਣਾਂ ਨਾਲ ਮਿਲਾ ਕੇ ਨਾ ਛਿੜਕੋ।

★ ਬੋਰਡੋ ਮਿਸ਼ਰਣ ਨੂੰ ਪੰਪ ਵਿੱਚ ਪਾਉਣ ਤੋਂ ਪਹਿਲਾਂ ਪੁਣ ਲਓ।



# ਪੰਜਾਬ ਵਿੱਚ ਸੌਂਫ ਦੀ ਖੇਤੀ ਦੀਆਂ ਉੱਨਤ ਤਕਨੀਕਾਂ

ਰਾਜਿੰਦਰ ਕੁਮਾਰ ਅਤੇ ਵਜਿੰਦਰ ਪਾਲ
ਕਾਲੜਾ, ਜੈਵਿਕ ਖੇਤੀ ਸਕੂਲ, ਪੀ. ਏ. ਯੂ.,
ਲੁਧਿਆਣਾ (ਮੋ. 94173-45565)

ਸੌਂਫ ਸਦੀਆਂ ਤੋਂ ਬੀਜੀ ਜਾਂਦੀ ਪ੍ਰਸਿੱਧ ਮਸਾਲੇ ਦੀ ਫ਼ਸਲ ਹੈ। ਇਹ ਚੰਗੀ ਨਿਕਾਸ ਵਾਲੀ ਰੇਤਲੀ ਤੋਂ ਭਾਰੀਆਂ ਜ਼ਮੀਨਾਂ ਵਿੱਚ ਵਧੀਆ ਉੱਗਦਾ ਹੈ। ਅਜਮੇਰ ਫੈਨਲ-2 (2023) ਕਿਸਮ, ਜੋ ਕਿ ਪੰਜਾਬ ਵਿੱਚ ਵਪਾਰਕ ਕਾਸ਼ਤ ਲਈ ਜਾਰੀ ਕੀਤੀ ਗਈ ਹੈ, ਜੋ ਕਿ ਲਗਭਗ 5 ਕੁਇੰਟਲ ਪ੍ਰਤੀ ਏਕੜ ਦੇ ਬੀਜ ਦਾ ਔਸਤ ਝਾੜ ਪੈਦਾ ਕਰਦੀ ਹੈ, ਜੋ ਕਿ ਸਥਾਨਕ ਕਿਸਮਾਂ ਨਾਲੋਂ 17.1% ਵੱਧ ਹੈ। ਇਸ ਦੇ ਪੌਦੇ ਸਿੱਧੇ ਟਾਹਣੀਆਂ ਵਾਲੇ ਲੰਬੇ ਹੁੰਦੇ ਹਨ ਅਤੇ ਛੱਤਰੀਆਂ ਵਿੱਚ ਛੋਟੇ ਪੀਲੇ ਫੁੱਲ ਹੁੰਦੇ ਹਨ। ਇਸ ਦੇ ਪੌਦੇ 145-150 ਸੈਂਟੀਮੀਟਰ ਦੀ ਉੱਚਾਈ ਤੱਕ ਪਹੁੰਚਦੇ ਹਨ। ਇਸ ਵਿੱਚ ਜ਼ਰੂਰੀ ਤੇਲ ਦੀ ਮਾਤਰਾ ਅਤੇ ਰਾਮੂਲਾਰੀਆ ਝੁਲਸ ਰੋਗ ਦਾ ਦਰਮਿਆਨਾ ਵਿਰੋਧ ਹੈ। ਇਸ ਦੇ ਬੀਜਾਂ ਵਿੱਚ 1.6 ਤੋਂ 1.8% ਤੇਲ ਵੀ ਹੁੰਦਾ ਹੈ, ਜੋ ਇਸਨੂੰ ਰਸੋਈ ਅਤੇ ਚਿਕਿਤਸਕ ਦੋਵਾਂ ਵਰਤੋਂ ਲਈ ਕੀਮਤੀ ਬਣਾਉਂਦਾ ਹੈ।

**ਬਿਜਾਈ ਦਾ ਸਮਾਂ** : ਸੌਂਫ ਬੀਜਣ ਦਾ ਸਭ ਤੋਂ ਵਧੀਆ ਸਮਾਂ ਅਕਤੂਬਰ ਦੇ ਆਖਰੀ ਹਫਤੇ ਤੋਂ ਨਵੰਬਰ ਦੇ ਪਹਿਲੇ ਹਫਤੇ ਤੱਕ ਹੈ। ਇਸ ਨੂੰ ਪੱਕਣ ਲਈ ਲਗਭਗ 170 ਤੋਂ 175 ਦਿਨ ਲੱਗਦੇ ਹਨ।

**ਬਿਜਾਈ ਦੇ ਢੰਗ** : ਬਿਜਾਈ ਲਈ ਲਗਭਗ 4 ਕਿਲੋ ਬੀਜ ਪ੍ਰਤੀ ਏਕੜ ਵਰਤੋ। ਕੇਰਾ ਵਿਧੀ ਦੀ ਵਰਤੋਂ ਕਰਕੇ ਲਗਭਗ 3-4 ਸੈਂਟੀਮੀਟਰ ਡੂੰਘਾਈ ਵਿੱਚ ਬੀਜ ਬੀਜੋ। ਕਤਾਰਾਂ ਵਿੱਚ 45 ਸੈਂਟੀਮੀਟਰ ਦੀ ਦੂਰੀ ਰੱਖੋ।

**ਖਾਦ ਅਤੇ ਸਿੰਚਾਈ** : ਮਿੱਟੀ ਦੀ ਕਿਸਮ ਦੇ ਆਧਾਰ 'ਤੇ 20 ਕਿਲੋ ਨਾਈਟਰੋਜਨ, ਜੋ ਕਿ 45 ਕਿਲੋ ਯੂਰੀਆ ਦੇ ਬਰਾਬਰ ਹੈ, ਨੂੰ 2-3 ਕਿਸ਼ਤਾਂ ਵਿੱਚ ਪਾਓ। ਇਹ ਪੌਦੇ ਦੇ ਵਧਣ ਵਿੱਚ ਮਦਦ ਕਰਦਾ ਹੈ। ਬਿਜਾਈ ਤੋਂ ਬਾਅਦ ਪਹਿਲੀ ਸਿੰਚਾਈ 10-15 ਦਿਨਾਂ ਬਾਅਦ ਕਰੋ, ਤਾਂ ਜੋ ਬੀਜਾਂ ਦੇ ਚੰਗੇ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਬਾਅਦ ਜ਼ਮੀਨ ਦੀ ਨਮੀ ਦੇ ਪੱਧਰ ਦੇ ਆਧਾਰ 'ਤੇ ਫ਼ਸਲ ਨੂੰ ਲੋੜ ਅਨੁਸਾਰ ਸਿੰਚਾਈ ਕਰੋ।

**ਨਦੀਨ ਦੀ ਰੋਕਥਾਮ** : ਖੇਤ ਵਿੱਚ ਕਿੰਨੇ ਨਦੀਨ ਉੱਗ ਰਹੇ ਹਨ, ਇਸ ਉੱਤੇ ਨਿਰਭਰ ਕਰਦੇ ਹੋਏ ਇੱਕ ਜਾਂ ਦੋ ਗੋਡੀਆਂ ਜ਼ਰੂਰੀ ਹਨ।

**ਵਾਢੀ** : ਫ਼ਸਲ ਦੀ ਕਟਾਈ ਉਦੋਂ ਕਰੋ, ਜਦੋਂ ਛੱਤਰੀ (ਫੁੱਲਾਂ ਦੇ ਗੁੱਛੇ) ਦਾ ਰੰਗ ਹਰੇ ਤੋਂ ਹਲਕੇ ਪੀਲੇ ਵਿੱਚ ਬਦਲ ਜਾਵੇ। ਉੱਚ ਗੁਣਵੱਤਾ ਵਾਲੇ ਬੀਜਾਂ ਲਈ, ਅਪ੍ਰੈਲ ਦੇ ਸ਼ੁਰੂ ਵਿੱਚ (ਜਦੋਂ ਬੀਜ ਨਰਮ ਹੋਣ, ਪਰ ਪੂਰੀ ਤਰ੍ਹਾਂ ਬਣ ਜਾਣ) ਫ਼ਸਲ ਦੀ ਕਟਾਈ ਕਰੋ। ਇਹ ਬਿਹਤਰ ਗੁਣਵੱਤਾ ਵਾਲੇ ਬੀਜਾਂ ਨੂੰ ਯਕੀਨੀ ਬਣਾਉਂਦਾ ਹੈ। ਇਹਨਾਂ ਕਦਮਾਂ ਦੀ ਪਾਲਣਾ ਕਰਕੇ, ਤੁਸੀਂ ਉੱਚ ਉਪਜ ਅਤੇ ਚੰਗੀ ਬੀਜ ਗੁਣਵੱਤਾ ਵਾਲੀ ਇੱਕ ਸਫਲ ਫੈਨਿਲ ਫ਼ਸਲ ਉਗਾ ਸਕਦੇ ਹੋ।

# ਕੈਲਸ਼ਿਅਮ ਓਵਰਡੋਜ਼ ਤੋਂ ਹਾਰਟ ਨੂੰ ਕਿਉਂ ਹੁੰਦਾ ਹੈ ਨੁਕਸਾਨ?



ਡਾ: ਸੰਮਾਨ ਵਰਮਾ ਅਤੇ ਡਾ: ਰਿਪੁਦਮਨ ਸਿੰਘ, ਸਦਭਾਵਨਾ ਮੈਡੀਕਲ ਤੇ ਹਾਰਟ ਇੰਸਟੀਚਿਊਟ, ਪਟਿਆਲਾ (ਮੋ. 73473-81496, 98152-00134)



ਇਹ ਤਾਂ ਸਾਨੂੰ ਪਤਾ ਹੈ ਕਿ ਕਿਸੇ ਵਸਤੂ ਦੀ ਹੱਦ ਤੋਂ ਵੱਧ ਵਰਤੋਂ ਨੁਕਸਾਨ ਦਾਇਕ ਰਹਿੰਦੀ ਹੈ ਅਤੇ ਇਸੇ ਤਰ੍ਹਾਂ ਹੋਰ ਤੱਤਾਂ ਦੇ ਇਲਾਵਾ ਕੈਲਸ਼ਿਅਮ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੈ। ਕੈਲਸ਼ਿਅਮ ਨਾ ਸਿਰਫ਼ ਸਾਡੇ ਸਰੀਰ ਦੀਆਂ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤੀ ਦਿੰਦਾ ਹੈ, ਸਗੋਂ ਮਾਸਪੇਸ਼ੀਆਂ ਨੂੰ ਸਿਕੁੜਨ ਤੋਂ, ਬਲੱਡ ਕਲਾਟਿੰਗ ਤੋਂ ਬਚਾਉਂਦਾ ਹੈ ਅਤੇ ਨਸਾਂ ਨੂੰ ਕੰਮ ਕਰਨ ਲਈ ਵੀ ਕੈਲਸ਼ਿਅਮ ਦੀ ਹੀ ਜ਼ਰੂਰਤ ਹੁੰਦੀ ਹੈ। ਇੱਕ ਮੈਡੀਕਲ ਰਿਪੋਰਟ ਦੇ ਅਨੁਸਾਰ ਸਰੀਰ ਦਾ ਲੱਗਭੱਗ 99% ਕੈਲਸ਼ਿਅਮ ਹੱਡੀਆਂ ਅਤੇ ਦੰਦਾਂ ਵਿੱਚ ਮੌਜੂਦ ਹੁੰਦਾ ਹੈ, ਜਦੋਂ ਕਿ ਬਾਕੀ 1% ਬਲੱਡ ਅਤੇ ਟਿਸ਼ਿਊ ਵਿੱਚ ਰਹਿੰਦਾ ਹੈ। ਇਸ ਲਈ ਇਸ ਦਾ ਬੈਲੇਂਸ ਹੋਣਾ ਬਹੁਤ ਜ਼ਰੂਰੀ ਹੈ। ਅਕਸਰ ਲੋਕਾਂ ਨੂੰ ਲੱਗਦਾ ਹੈ ਕਿ ਜੋੜਾਂ ਵਿੱਚ ਦਰਦ ਹੈ ਤਾਂ ਬਿਨਾਂ ਡਾਕਟਰ ਦੀ ਸਲਾਹ ਤੋਂ ਕੈਲਸ਼ਿਅਮ ਸਪਲੀਮੇਂਟ ਲੈਣ ਲੱਗਦੇ ਹਨ। ਇਸ ਤੋਂ ਕਈ ਵਾਰ ਕੈਲਸ਼ਿਅਮ ਜ਼ਰੂਰਤ ਤੋਂ ਜ਼ਿਆਦਾ ਮਾਤਰਾ ਵਿੱਚ ਸਰੀਰ ਵਿੱਚ ਜਮ੍ਹਾਂ ਹੋਣ ਲੱਗਦਾ ਹੈ ਅਤੇ ਇਸ ਦਾ ਨੁਕਸਾਨ ਹਾਰਟ ਨੂੰ ਹੁੰਦਾ ਹੈ। ਕੈਲਸ਼ਿਅਮ ਦਾ ਓਵਰਡੋਜ਼ ਹਾਰਟ ਨੂੰ ਕਿਵੇਂ ਨੁਕਸਾਨ ਪਹੁੰਚਾਂਦਾ ਹੈ, ਇਹ ਜਾਣਨ ਲਈ ਡਾ: ਸੁਧੀਰ ਵਰਮਾ, ਸਦਭਾਵਨਾ ਹਸਪਤਾਲ ਦੇ ਦਿਲ ਦੇ ਮਾਹਿਰ ਨਾਲ ਗੱਲ ਕੀਤੀ ਅਤੇ ਉਹਨਾਂ ਨੇ ਦੱਸਿਆ ਕਿ :

## ਕੈਲਸ਼ਿਅਮ ਓਵਰਡੋਜ ਨਾਲ ਆਰਟਰੀਜ ਨੂੰ ਕਿਉਂ ਨੁਕਸਾਨ ਹੁੰਦਾ ਹੈ ?

ਡਾ: ਸੁਧੀਰ ਕਹਿੰਦੇ ਹਨ ਕਿ ਜਦ ਬਲੱਡ ਵਿੱਚ ਕੈਲਸ਼ਿਅਮ ਦਾ ਲੇਵਲ ਸਾਧਾਰਣ ਤੋਂ ਜ਼ਿਆਦਾ ਹੋ ਜਾਂਦਾ ਹੈ ਤਾਂ ਆਰਟਰੀਜ ਦੀਆਂ ਦੀਵਾਰਾਂ ਉੱਤੇ ਜਮ੍ਹਾਂ ਹੋਣ ਲੱਗਦਾ ਹੈ। ਇਸ ਪ੍ਰੋਸੈਸ ਨੂੰ Arterial Calcification ਯਾਨੀ ਕਿ ਧਮਨੀਆਂ ਵਿੱਚ ਕੈਲਸ਼ਿਅਮ ਜਮਣਾ ਕਹਿੰਦੇ ਹਾਂ। ਇਸ ਵਜ੍ਹਾ ਤੋਂ ਆਰਟਰੀਜ਼ ਸਖ਼ਤ ਅਤੇ ਸਿਕੁੜ ਜਾਂਦੀਆਂ ਹਨ। ਹਾਰਟ ਨੂੰ ਪੰਪ ਕਰਨ ਵਿੱਚ ਬਹੁਤ ਮਿਹਨਤ ਕਰਨੀ ਪੈਂਦੀ ਹੈ ਅਤੇ ਇਸ ਨਾਲ ਬਲੱਡ ਪ੍ਰੈਸ਼ਰ ਵੱਧਦਾ ਹੈ। ਹਾਈ ਬਲਡ ਪ੍ਰੈਸ਼ਰ ਨੂੰ ਮੈਨੇਜ ਨਾ ਕਰਨ ਤੇ ਹਾਰਟ ਅਟੈਕ ਜਾਂ ਸਟਰੋਕ ਦਾ ਰਿਸਕ ਵੱਧ ਜਾਂਦਾ ਹੈ। ਦਰਅਸਲ ਆਸਾਨ ਭਾਸ਼ਾ ਵਿੱਚ ਕਿਹਾ ਜਾਵੇ ਤਾਂ ਜ਼ਿਆਦਾ ਕੈਲਸ਼ਿਅਮ ਆਰਟਰੀਜ ਦਾ ਲਚਕੀਲਾਪਨ ਖ਼ਤਮ ਕਰ ਜਾਂਦਾ ਹੈ ਅਤੇ ਬਲੱਡ ਦੇ ਫਲੋ ਵਿੱਚ ਰੁਕਾਵਟ ਆਉਣ ਲੱਗਦੀ ਹੈ।

## ਕੈਲਸ਼ਿਅਮ ਓਵਰਡੋਜ ਤੋਂ ਬਲੱਡ ਕਲਾਟ ਹੋਣਾ

ਡਾ: ਹਰਪ੍ਰੀਤ ਕਾਲਰਾ, ਪ੍ਰੀਤ ਕਲੀਨਿਕ, ਬਾਰਨ ਨੇ ਦੱਸਿਆ ਕਿ ਜਦੋਂ ਸਰੀਰ ਵਿੱਚ ਕੈਲਸ਼ਿਅਮ ਦੀ ਮਾਤਰਾ ਜ਼ਰੂਰਤ ਤੋਂ ਜ਼ਿਆਦਾ ਹੋ ਜਾਂਦੀ ਹੈ ਤਾਂ ਕਈ ਜਗ੍ਹਾ ਬਲੱਡ ਕਲਾਟਿੰਗ ਹੋਣ ਲੱਗਦੀ ਹੈ। ਇਹ ਕਲਾਟ ਹਾਰਟ ਤੱਕ ਬਲੱਡ ਦੇ ਫਲੋ ਨੂੰ ਰੋਕ ਦਿੰਦੇ ਹਨ ਅਤੇ ਜਿਸ ਦੇ ਨਾਲ ਹਾਰਟ ਅਟੈਕ ਜਾਂ ਬਰੇਨ ਸਟਰੋਕ ਵਰਗੀ ਗੰਭੀਰ ਸਥਿਤੀਆਂ ਵੀ ਹੋ ਸਕਦੀਆਂ ਹਨ। ਇਸ ਲਈ ਉਹ ਸਾਰਿਆਂ ਨੂੰ ਸਲਾਹ ਦਿੰਦੇ ਹਨ ਕਿ ਬਿਨਾਂ ਡਾਕਟਰ ਦੀ ਸਲਾਹ ਦੇ ਕੈਲਸ਼ਿਅਮ ਸਪਲੀਮੈਂਟ ਬਿਲਕੁੱਲ ਨਾ ਲਵੋ।



## ਕੈਲਸ਼ਿਅਮ ਸਪਲੀਮੇਂਟਸ ਲੈਣਾ ਜ਼ਿਆਦਾ ਰਿਸਕੀ ਕਿਉਂ ਹੈ ?

ਡਾ: ਮਦਨਜੀਤ ਵਾਲੀਆ, ਸਦਭਾਵਨਾ ਹਸਪਤਾਲ, ਪਟਿਆਲਾ ਨੇ ਕਿਹਾ, ਆਮ ਤੌਰ ਤੇ ਵੇਖਿਆ ਗਿਆ ਹੈ ਕਿ ਕੈਲਸ਼ਿਅਮ ਸਪਲੀਮੇਂਟਸ ਲੈਣ ਲਈ ਕੈਲਸ਼ਿਅਮ ਸਰੀਰ ਵਿੱਚ ਜ਼ਿਆਦਾ ਹੋ ਜਾਂਦਾ ਹੈ। ਦਰਅਸਲ ਕਈ ਲੋਕ ਬਿਨਾਂ ਡਾਕਟਰ ਦੀ ਸਲਾਹ ਲਏ ਕਾਫ਼ੀ ਲੰਬੇ ਸਮੇਂ ਤੱਕ ਕੈਲਸ਼ਿਅਮ ਟੈਬਲੇਟਸ ਲੈਂਦੇ ਰਹਿੰਦੇ ਹਨ ਜਿਸ ਦੇ ਨਾਲ ਸਰੀਰ ਵਿੱਚ ਕੈਲਸ਼ਿਅਮ ਦਾ ਬੈਲੇਂਸ ਵਿਗੜ ਜਾਂਦਾ ਹੈ। ਸਪਲੀਮੇਂਟਸ ਰਾਹੀਂ ਲਿਆ ਗਿਆ ਵਾਧੂ ਕੈਲਸ਼ਿਅਮ ਬਲੱਡ ਵਿੱਚ ਜਮਾਂ ਹੋਣ ਲੱਗਦਾ ਹੈ ਜਦੋਂ ਕਿ ਨੇਚੁਰਲ ਤਰੀਕੇ ਜਿਵੇਂ ਦੁੱਧ, ਪਨੀਰ, ਦਹੀਂ, ਹਰੀ ਪੱਤੇਦਾਰ ਸਬਜੀਆਂ ਤੋਂ ਲਿਆ ਗਿਆ ਕੈਲਸ਼ਿਅਮ ਠੀਕ ਤਰੀਕੇ ਨਾਲ ਆਬਜ਼ਰਬ ਹੁੰਦਾ ਹੈ। ਮੈਂ ਹਮੇਸ਼ਾ ਮਰੀਜ਼ਾਂ ਨੂੰ ਕਹਿੰਦਾ ਹਾਂ ਕਿ ਬਿਨਾ ਵਜ੍ਹਾ ਕੈਲਸ਼ਿਅਮ ਸਪਲੀਮੇਂਟਸ ਨਾ ਲਵੋ ਇਸ ਨਾਲ ਦਿਲ ਨੂੰ ਨੁਕਸਾਨ ਹੁੰਦਾ ਹੈ।

## ਫਿਰ ਕੈਲਸ਼ਿਅਮ ਕਿਵੇਂ ਪੂਰਾ ਕਰੀਏ ?

ਡਾ: ਸੁਧੀਰ ਵਰਮਾ ਨੇ ਕੈਲਸ਼ਿਅਮ ਪੂਰਾ ਕਰਨ ਦੇ ਆਸਾਨ ਤਰੀਕੇ ਦੱਸੇ :

★ ਖਾਣੇ ਵਿੱਚ ਡਾਇਰੀ, ਸਬਜੀਆਂ, ਨਟਸ ਅਤੇ ਪ੍ਰੋਟੀਨ ਦਾ ਠੀਕ ਮਾਤਰਾ ਵਿੱਚ ਲਵੋ।

★ ਵਿਟਾਮਿਨ ਡੀ ਕੈਲਸ਼ਿਅਮ ਨੂੰ ਆਬਜਰਬ ਕਰਨ ਵਿੱਚ ਮਦਦ ਕਰਦਾ ਹੈ ਇਸ ਲਈ ਸਵੇਰੇ-ਸ਼ਾਮ ਦੀ ਧੁੱਪ ਵਿੱਚ ਬੈਠੋ।

★ ਜੇ ਜ਼ਰੂਰਤ ਹੋਵੇ ਤਾਂ ਡਾਕਟਰ ਤੋਂ ਟੈਸਟ ਕਰਵਾ ਕੇ ਹੀ ਸਪਲੀਮੇਂਟਸ ਲਵੋ।

★ ਰੋਜ਼ਾਨਾ ਵਾਕ, ਯੋਗ ਅਤੇ ਸਟਰੇਚਿੰਗ ਨਾਲ ਹੱਡੀਆਂ ਅਤੇ ਹਾਰਟ ਦੀ ਹੈਲਥ ਬਿਹਤਰ ਰਹਿੰਦੀ ਹੈ।

## ਕੈਲਸ਼ਿਅਮ ਸਪਲੀਮੇਂਟਸ ਲੈਂਦੇ ਸਮੇਂ ਕਿਨ੍ਹਾਂ ਨੂੰ ਜ਼ਿਆਦਾ ਧਿਆਨ ਰੱਖਣਾ ਚਾਹੀਦਾ ਹੈ ?

ਡਾ: ਵਰਮਾ ਕਹਿੰਦੇ ਹਨ ਕਿ ਕੁੱਝ ਬਿਮਾਰੀਆਂ ਵਿੱਚ ਸਰੀਰ ਪਹਿਲਾਂ ਤੋਂ ਹੀ ਮਿਨਰਲ ਬੈਲੇਂਸ ਦੀ ਕੋਸ਼ਿਸ਼ ਵਿੱਚ ਲੱਗਾ ਹੁੰਦਾ ਹੈ, ਅਜਿਹੇ ਵਿੱਚ ਕੈਲਸ਼ਿਅਮ ਦਾ ਓਵਰਡੋਜ਼ ਆਰਟਰੀਜ ਦੇ ਬੈਲੇਂਸ ਨੂੰ ਬਿਲਕੁੱਲ ਹੀ ਵਿਗਾੜ ਦਿੰਦਾ ਹੈ।

★ ਹਾਰਟ ਦੇ ਰੋਗੀਆਂ ਨੂੰ ਕੈਲਸ਼ਿਅਮ ਸਪਲੀਮੇਂਟਸ ਲੈਣ ਤੋਂ ਪਹਿਲਾਂ ਡਾਕਟਰ ਤੋਂ ਸਲਾਹ ਲੈਣੀ ਚਾਹੀਦੀ ਹੈ।

1. ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਆਪਣੇ ਆਪ ਕੈਲਸ਼ਿਅਮ ਸਪਲੀਮੇਂਟਸ ਨਹੀਂ ਲੈਣੇ ਚਾਹੀਦੇ।

2. ਡਾਇਬਿਟੀਜ਼ ਰੋਗੀਆਂ ਨੂੰ ਬਿਨਾਂ ਡਾਕਟਰੀ ਸਲਾਹ ਕੈਲਸ਼ਿਅਮ ਨਹੀਂ ਲੈਣਾ ਚਾਹੀਦਾ।

ਡਾ: ਸੰਮਾਨ ਵਰਮਾਂ ਨੇ ਦੱਸਿਆ ਕਿ ਕੈਲਸ਼ਿਅਮ ਜਿੰਨਾ ਜ਼ਰੂਰੀ ਹੈ ਓਨਾ ਹੀ ਉਸ ਦਾ ਬੈਲੇਂਸ ਮਹੱਤਵਪੂਰਣ ਹੈ। ਇਸ ਲਈ ਜ਼ਿਆਦਾ ਕੈਲਸ਼ਿਅਮ ਲੈਣ .ਤੋਂ ਬਚਣਾ ਚਾਹੀਦਾ ਹੈ। ਕੈਲਸ਼ਿਅਮ ਦਾ ਓਵਰਡੋਜ਼ ਹੱਡੀਆਂ ਨੂੰ ਵੀ ਫਾਇਦੇਮੰਦ ਨਹੀਂ ਅਤੇ ਇਸ ਤੋਂ ਹਾਰਟ ਨੂੰ ਤਾਂ ਨੁਕਸਾਨ ਪੁੱਜਦਾ ਹੀ ਹੈ। ਇਸ ਦੇ ਨਾਲ ਸਪਲੀਮੇਂਟਸ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਵੋ ਅਤੇ ਨੇਚੁਰਲ ਰਿਸੋਰਸ ਰਾਹੀਂ ਕੈਲਸ਼ਿਅਮ ਲੈਣਾ ਹੀ ਸਭ ਤੋਂ ਸੇਫ ਤਰੀਕਾ ਹੈ।

---

## ਪਰਾਲੀ ਦੀ ਅੱਗ

ਲਾ ਪਰਾਲੀ ਨੂੰ ਅੱਗ, ਦੱਸ ਕੀ ਖੱਟਿਆ ਵੇ,
ਬਦਨਾਮੀ ਦਾ ਦਾਗ ਹੀ ਬਸ ਤੂੰ ਵੱਟਿਆ ਵੇ।

ਮਿੱਤਰ ਕੀੜੇ, ਪੰਛੀ ਸਭ ਇਸ ਫੂਕੇ ਵੇ,
ਏਸੇ ਅੱਗ ਨੇ ਨਾਸ਼ ਮਿੱਟੀ ਦਾ ਪੱਟਿਆ ਵੇ।

ਇਹ ਅੱਗ ਪਰਾਲੀ ਵਾਲੀ ਖਾ ਗਈ ਬੂਟੇ ਵੇ,
ਦੱਸ ਕਾਹਨੂੰ ਰਾਗ, ਅੱਗ ਦਾ ਰੱਟਿਆ ਵੇ।

ਇਸ ਅੱਗ ਵਿੱਚ ਨੇ ਝੁਲਸੇ ਬੱਚੜੇ ਮਾਂਵਾਂ ਦੇ,
ਖਬਰਾਂ ਨੇ ਵੀ ਛੱਜ ਪਾ ਤੈਨੂੰ ਛੱਟਿਆ ਵੇ।

ਕਰਨੀ ਸੀ ਤੂੰ ਰਾਖੀ, ਮਿੱਟੀ, ਵਾਯੂ ਦੀ,
ਇਨ੍ਹਾਂ ਖਾਤਰ ਕਿਉਂ ਨਾ ਸੱਜਣਾ ਡਟਿਆ ਵੇ।

ਛੱਡ ਦੇ ਲੜ ਹੁਣ ਰਹਿੰਦ-ਖੂੰਹਦ ਨੂੰ ਸਾੜਨ ਦਾ,
ਇਸੇ ਲੜ ਨੇ ਅਰਸ਼ੋਂ-ਫਰਸ਼ੀਂ ਸੁੱਟਿਆ ਵੇ।

- ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ,
410, ਚੰਦਰ ਨਗਰ, ਬਟਾਲਾ (ਮੋ. 97816-46008)

---

## ਗੁਲਦਸਤਾ ਫੁੱਲ

ਜਿਵੇਂ ਕੁਦਰਤ ਨੇ ਜੀਵਾਂ ਵਿੱਚ ਬਹੁਤ ਸਾਰੀਆਂ ਜਾਤੀਆਂ ਬਣਾਈਆਂ ਹਨ ਅਤੇ ਉਨ੍ਹਾਂ ਨੂੰ ਵਿਲੱਖਣ ਦਿੱਖ ਤੇ ਵਿਲੱਖਣ ਗੁਣ ਦਿੱਤੇ ਹਨ। ਇਸੇ ਤਰ੍ਹਾਂ ਕੁਦਰਤ ਨੇ ਬਨਸਪਤੀ ਵਿੱਚ ਵੀ ਹਰ ਕਿਸਮ ਦੇ ਪੌਦੇ ਨੂੰ ਵੱਖ-ਵੱਖ ਰੂਪ ਦਿੱਤੇ ਹਨ ਅਤੇ ਉਨ੍ਹਾਂ ਵਿੱਚ ਵੱਖ-ਵੱਖ ਜਾਤੀਆਂ ਬਣਾਈਆਂ ਹਨ। ਜਿਵੇਂ ਅੰਬ ਕਈ ਕਿਸਮ ਦੇ ਹੁੰਦੇ ਹਨ, ਅਮਰੂਦ ਕਈ ਕਿਸਮ ਦੇ ਹੁੰਦੇ ਹਨ। ਇਸੇ ਤਰ੍ਹਾਂ ਫੁੱਲਾਂ ਵਿੱਚ ਵੀ ਕੁਦਰਤ ਨੇ ਇੱਕ ਜਾਤੀ ਬਣਾਈ ਹੈ, ਜਿਸ ਨੂੰ ਔਰਕਟਡ ਕਹਿੰਦੇ ਹਨ। ਇਹ ਉਹ ਜਾਤੀ ਹੈ, ਜੋ ਆਪਣੇ ਫੁੱਲਾਂ ਨੂੰ ਇੱਕ ਗੁਲਦਸਤੇ ਦੇ ਰੂਪ ਵਿੱਚ ਹੀ ਪੈਦਾ ਕਰਦੀ ਹੈ। ਇਹ ਫੁੱਲ ਬਹੁਤ ਕਮਾਲ ਦੇ ਹੁੰਦੇ ਹਨ। ਤਕਰੀਬਨ ਹਰ ਗੁੱਛੇ ਵਿੱਚ ਜੋ ਫੁੱਲ ਹਨ, ਉਹ ਕਿਸੇ ਨਾ ਕਿਸੇ ਜੀਵ ਦੀ ਸ਼ਕਲ ਧਾਰਨ ਕਰਦੇ ਹਨ। ਇਸ ਤੋਂ ਇਲਾਵਾ ਇਹ ਤਿੰਨ ਮਹੀਨੇ ਤੱਕ ਤਾਜ਼ਾ ਰਹਿ ਸਕਦੇ ਹਨ। ਇਹ ਬੇਸ਼ੁਮਾਰ ਰੰਗਾਂ ਵਿੱਚ ਮਿਲਦੇ ਹਨ, ਪਰ ਬਹੁਤੇ ਫੁੱਲਾਂ ਵਿੱਚ ਬੀਜ ਨਹੀਂ ਪੈਦਾ ਹੁੰਦੇ। ਇਹ ਪੌਦੇ ਦੇ ਕਣਾਂ ਤੋਂ ਹੀ ਅੱਗੇ



ਜਨਮੇਜਾ ਸਿੰਘ ਜੌਹਲ
ਮੋਬਾਇਲ 98159-45018

ਵਧਾਏ ਜਾਂਦੇ ਹਨ, ਜਿਸ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸੇ ਲਈ ਸ਼ਾਇਦ ਇਨ੍ਹਾਂ ਦੀ ਖੇਤੀ ਭਾਰਤ ਵਿੱਚ ਨਹੀਂ ਕੀਤੀ ਜਾਂਦੀ। ਇਹ ਬਹੁਤ ਹੀ ਫਾਇਦੇ ਵਾਲੇ ਅਤੇ ਚੰਗੀ ਆਮਦਨ ਦੇਣ ਵਾਲੇ ਫੁੱਲ ਹੁੰਦੇ ਹਨ। ਜੇਕਰ ਇਨ੍ਹਾਂ ਦੀ ਖੇਤੀ ਪੰਜਾਬ ਜਾਂ ਭਾਰਤ ਵਿੱਚ ਕੀਤੀ ਜਾਵੇ ਤਾਂ ਕਿਸਾਨਾਂ ਜਾਂ ਫੁੱਲਾਂ ਦੇ ਸ਼ੌਕੀਨਾਂ ਨੂੰ ਕਾਫੀ ਚੰਗੀ ਆਮਦਨ ਹੋ ਸਕਦੀ ਹੈ। ਇਨ੍ਹਾਂ ਫੁੱਲਾਂ ਦੀ ਇੱਕ ਹੋਰ ਖਾਸੀਅਤ ਹੈ ਕਿ ਇਹ ਫੁੱਲਾਂ ਦੀਆਂ ਲੱਗਣ ਵਾਲੀਆਂ ਨੁਮਾਇਸ਼ਾਂ ਵਿੱਚ ਹਮੇਸ਼ਾਂ ਮੋਹਰੀ ਰਹਿੰਦੇ ਹਨ। ਪਿੱਛੇ ਜਿਹੇ ਆਸਟਰੇਲੀਆ ਦੇ ਇੱਕ ਸ਼ਹਿਰ ਜੋ ਪੰਜਾਬੀ ਵਸੋਂ ਵਾਸਤੇ ਮਸ਼ਹੂਰ ਹੈ, ਉੱਥੇ ਇਨ੍ਹਾਂ ਦੀ ਨੁਮਾਇਸ਼ ਦਰਜਨਾਂ ਥਾਵਾਂ ਤੋਂ ਫੁੱਲਾਂ ਦੇ ਪ੍ਰੇਮੀਆਂ ਨੇ ਆ ਕੇ ਲਗਾਈ। ਪਰ ਉਸ ਨੁਮਾਇਸ਼ ਵਿੱਚ ਕੋਈ ਵੀ ਪੰਜਾਬੀ ਇਨ੍ਹਾਂ ਨੂੰ ਦੇਖਣ ਨਾ ਆਇਆ। ਪੰਜਾਬ ਵਿੱਚ ਵੀ ਇਨ੍ਹਾਂ ਫੁੱਲਾਂ 'ਤੇ ਕੰਮ ਕੀਤੇ ਜਾਣ ਦੀ ਲੋੜ ਹੈ।

# ਚੁਗਾਈ ਉਪਰੰਤ ਨਰਮੇ ਦੀ ਗੁਲਾਬੀ ਸੁੰਡੀ ਨੂੰ ਠੱਲ ਪਾਉਣ ਲਈ ਕੀ ਕਰੀਏ?



ਨਰਮੇ ਦੀ ਫ਼ਸਲ ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਦੀ ਸਾਉਣੀ ਦੀ ਮੁੱਖ ਫ਼ਸਲ ਹੈ । ਗੁਲਾਬੀ ਸੁੰਡੀ ਦਾ ਹਮਲਾ ਨਰਮੇ ਦੀ ਫ਼ਸਲ ਤੇ ਹਰ ਸਾਲ ਦਿਖਾਈ ਦਿੰਦਾ ਹੈ ਜੋ ਝਾੜ ਅਤੇ ਗੁਣਵੱਤਾ ਦਾ ਨੁਕਸਾਨ ਕਰਦਾ ਹੈ । ਭਾਵੇਂ ਇਸ ਦਾ ਹਮਲਾ ਇਸ ਸਾਲ ਪਿਛਲੇ ਸਾਲਾਂ ਨਾਲੋਂ ਘੱਟ ਹੈ, ਪਰ ਫੇਰ ਵੀ ਗੁਲਾਬੀ ਸੁੰਡੀ ਅਖੀਰਲੀ ਚੁਗਾਈ ਵਿੱਚ ਦਿਖਾਈ ਦੇ ਰਹੀ ਹੈ । ਇਸ ਸਾਲ ਮੌਸਮ ਜ਼ਿਆਦਾ ਬਰਸਾਤਾਂ ਵਾਲਾ ਹੋਣ ਕਰਕੇ, ਇਸ ਦਾ ਹਮਲਾ ਕੁਝ ਖੇਤਾਂ ਵਿੱਚ 16-20 ਪ੍ਰਤੀਸ਼ਤ ਹੈ । ਇਸ ਦੇ ਹਮਲੇ ਨੂੰ ਅਗਲੀ ਨਰਮੇ ਦੀ ਫ਼ਸਲ ਤੇ ਠੱਲ ਪਾਉਣ ਵਾਸਤੇ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ।

### ਕੀ ਕਰੀਏ

★ ਗੁਲਾਬੀ ਸੁੰਡੀ ਦੇ ਹਮਲੇ ਨੂੰ ਠੱਲ ਪਾਉਣ ਲਈ ਜਿੱਥੇ ਤੱਕ ਹੋ ਸਕੇ ਫ਼ਸਲ ਦੀ ਚੁਗਾਈ ਜਲਦੀ ਕਰ ਦਿਉ । ਇਸ ਵਾਸਤੇ ਅਖੀਰਲਾ ਪਾਣੀ ਸਤੰਬਰ ਦੇ ਅਖੀਰ ਵਿੱਚ ਲਾਉ ਤਾਂ ਜੋ ਨਰਮੇ ਦਾ ਖਿੜਾਅ ਜਲਦੀ ਹੋ ਜਾਵੇ ।

★ ਨਰਮੇ ਕਪਾਹ ਦੀਆਂ ਛਿਟੀਆਂ ਨੂੰ ਚੁਗਾਈ ਤੋਂ ਬਾਅਦ ਰੋਟਾਵੇਟਰ ਜਾਂ ਸ਼ਰੈਡਰ ਚਲਾ ਕੇ ਕੁਤਰਾ ਕਰਕੇ ਜ਼ਮੀਨ ਵਿੱਚ ਵਾਹ ਦਿਉ । ਇਸ ਤਰ੍ਹਾਂ ਕਰਨ ਨਾਲ ਗੁਲਾਬੀ ਸੁੰਡੀ ਦਾ ਖਾਤਮਾ ਹੁੰਦਾ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਵਧਦੀ ਹੈ ।

★ ਨਰਮੇ ਵਾਲੇ ਖੇਤ ਵਿੱਚ ਕਣਕ ਦੀ ਬਿਜਾਈ ਸੁਪਰ ਸੀਡਰ ਦੀ ਵਰਤੋਂ ਨਾਲ ਖੜ੍ਹੀਆਂ ਛਿਟੀਆਂ ਵਿੱਚ ਕੀਤੀ ਜਾ ਸਕਦੀ ਹੈ । ਇਸ ਤਰ੍ਹਾਂ ਕਰਨ ਨਾਲ ਕਣਕ ਦੀ ਬਿਜਾਈ ਅਤੇ ਖੇਤ ਵਿੱਚ ਛਿਟੀਆਂ ਦੀ ਵਹਾਈ, ਦੋਨੋਂ ਕੰਮ ਇੱਕ ਹੀ ਤਕਨੀਕ ਨਾਲ ਨਿਬੜ ਜਾਂਦੇ ਹਨ ।

★ ਘਰੇਲੂ ਵਰਤੋਂ ਲਈ ਰੱਖੀਆਂ ਛਿਟੀਆਂ ਨੂੰ ਫਰਵਰੀ ਦੇ ਅੰਤ ਤੱਕ 2-3 ਵਾਰ ਚੰਗੀ ਤਰ੍ਹਾਂ ਝਾੜ ਕੇ ਅਤੇ ਖੇਤ ਤੋਂ ਦੂਰ ਪਿੰਡ ਵਿੱਚ ਤੇਜ਼ ਧੁੱਪ ਵਾਲੀ ਜਗ੍ਹਾ ਤੇ ਖੜ੍ਹੀਆਂ ਕਰਕੇ ਰੱਖੋ । ਛਿਟੀਆਂ ਨੂੰ ਝਾੜ ਕੇ ਡਿੱਗੇ ਅੱਧ-ਖਿੜ੍ਹੇ, ਖਰਾਬ ਟਿੰਡੇ ਅਤੇ ਰਹਿੰਦ-ਖੂੰਹਦ ਨੂੰ ਨਸ਼ਟ ਕਰ ਦਿਉ ।



★ ਘਰੇਲੂ ਵਰਤੋਂ ਵਾਲੀਆਂ ਛਿਟੀਆਂ ਹੋ ਸਕੇ ਤਾਂ 15 ਮਾਰਚ ਤੱਕ ਵਰਤ ਲਵੋ ।

★ ਵੇਲਾਈ ਸਮੇਂ ਦੀ ਸਾਰੀ ਬੱਚ-ਖੁੱਚ ਸਾੜ ਦਿਉ । ਮਾਰਚ ਦੇ ਅਖੀਰ ਤੱਕ ਵੇਲਾਈ ਮਸ਼ੀਨਾਂ ਵਿੱਚੋਂ ਸਭ ਤਰ੍ਹਾਂ ਦੇ ਬੀਜ ਬਾਹਰ ਕੱਢ ਦਿਉ ।

★ ਮਿੱਲਾਂ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਨਰਮੇਂ ਦੇ ਵੜੇਵੇਂ ਵੇਚਣ ਤੋਂ ਪਹਿਲਾਂ ਤੇਜ਼ਾਬ ਨਾਲ ਉਸਦੇ ਲੂੰ ਲਾਹ ਦੇਣ । ਇਸ ਤਰ੍ਹਾਂ ਸੋਧੇ ਗਏ ਵੜੇਵਿਆਂ ਵਿੱਚੋਂ ਗੁਲਾਬੀ ਸੁੰਡੀ ਖਤਮ ਹੋ ਜਾਂਦੀ ਹੈ ।

### ਕੀ ਨਾ ਕਰੀਏ

★ ਆਖਰੀ ਚੁਗਾਈ ਤੋਂ ਬਾਅਦ ਅੱਧ-ਖਿੜੇ ਜਾਂ ਖਰਾਬ ਟਿੰਡੇ ਖੇਤ ਵਿੱਚ ਖੁੱਲ੍ਹੇ ਨਾ ਸੁੱਟੋ ।

★ ਗੁਲਾਬੀ ਸੁੰਡੀ ਦੇ ਹਮਲੇ ਵਾਲੀ ਫ਼ਸਲ ਤੋਂ ਚੁਗਿਆ ਹੋਇਆ ਨਰਮਾ ਨਾ ਸੰਭਾਲੋ ।

★ ਨਰਮੇ ਦੀ ਫ਼ਸਲ ਨੂੰ ਚੁਗਾਈ ਤੋਂ ਬਾਅਦ ਜ਼ਿਆਦਾ ਦੇਰ ਖੇਤ ਵਿੱਚ ਨਾ ਰਹਿਣ ਦਿਉ, ਨਾ ਹੀ ਇਸ ਫ਼ਸਲ ਨੂੰ ਮੋਢੀ ਫ਼ਸਲ ਦੇ ਤੌਰ ਤੇ ਰੱਖੋ ।

★ ਛਿਟੀਆਂ ਦੇ ਢੇਰ ਖੇਤ ਵਿੱਚ ਛਾਂਵੀ ਥਾਂ ਤੇ ਨਾ ਰੱਖੋ ।

★ ਨਰਮੇ ਕਪਾਹ ਦੇ ਰੇਸ਼ੇ ਵਾਲੇ ਬੀਜ ਜਾਂ ਵੜੇਵੇਂ ਘਰੇਲੂ ਉਪਯੋਗ ਲਈ ਸਟੋਰ ਨਾ ਕਰੋ ।

★ ਅਣ-ਸੋਧੇ ਬੀਜ ਨੂੰ ਨਾ ਤਾਂ ਵੇਲਾਈ ਮਸ਼ੀਨਾਂ ਵਾਲੇ ਆਪਣੇ ਪਾਸ ਰੱਖਣ ਅਤੇ ਨਾ ਹੀ ਆਮ ਮੰਡੀ ਵਿੱਚ ਵੇਚਣ ।

★ ਹਮਲੇ ਵਾਲੇ ਖੇਤਾਂ ਦੀਆਂ ਛਿਟੀਆਂ ਨੂੰ ਨਵੀਂ ਜਗ੍ਹਾ ਤੇ ਨਾ ਲਿਜਾਉ ।

★ ਜਿਨਿੰਗ ਫੈਕਟਰੀਆਂ ਜਾਂ ਤੇਲ ਮਿੱਲਾਂ ਵਾਲੇ ਨਰਮੇ ਦੀ ਪ੍ਰੋਸੈਸਿੰਗ ਤੋਂ ਬਾਅਦ ਰਹਿੰਦ-ਖੂੰਹਦ ਨੂੰ ਖੁਲ੍ਹੇ ਵਿੱਚ ਨਾ ਸੁੱਟਣ, ਸਗੋਂ ਜਲਦੀ ਹੀ ਨਸ਼ਟ ਕਰ ਦੇਣ ।

**ਜਗਦੀਸ਼ ਅਰੋੜਾ ਅਤੇ ਮਨਪ੍ਰੀਤ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਅਬੋਹਰ** (ਮੋ. 81959-50560)

# ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਬੀਜ ਵੰਡ ਅਤੇ ਜਾਗਰੂਕਤਾ ਕੈਂਪ ਆਯੋਜਿਤ

## *ਹੜ੍ਹਾਂ ਨਾਲ ਪ੍ਰਭਾਵਿਤ ਸਰਹੱਦੀ ਕਿਸਾਨਾਂ ਦੀ ਸਹਾਇਤਾ ਲਈ ਵੰਡਿਆ ਗਿਆ ਬੀਜ*

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਫਾਜ਼ਿਲਕਾ ਦੇ ਪਿੰਡ ਬਹਿਕ ਖਾਸ ਵਿਖੇ ਬੀਜ ਵੰਡ ਅਤੇ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਇਹ ਕੈਂਪ ਹੜ੍ਹਾਂ ਦੀ ਮਾਰ ਝੱਲ ਰਹੇ ਸਰਹੱਦੀ ਖੇਤਰਾਂ ਦੇ ਕਿਸਾਨਾਂ ਦੇ ਤੁਰੰਤ ਪੁਨਰਵਾਸ ਲਈ ਇੱਕ ਅਹਿਮ ਰੋਲ ਅਦਾ ਕਰੇਗਾ। ਇਹ ਪ੍ਰੋਗਰਾਮ ਫਾਰਮ ਸਲਾਹਕਾਰ ਸੇਵਾ ਕੇਂਦਰ ਅਤੇ ਖੇਤਰੀ ਖੋਜ ਕੇਂਦਰ ਅਬੋਹਰ ਵੱਲੋਂ ਨਿਰਦੇਸਕ ਪਸਾਰ ਸਿੱਖਿਆ, ਪੀ.ਏ.ਯੂ. ਦੇ ਤਹਿਤ ਸਾਂਝੇ ਤੌਰ ਤੇ ਕਰਵਾਇਆ ਗਿਆ। ਸਮਾਗਮ ਦੀ ਅਗਵਾਈ ਡਾ. ਸਤਬੀਰ ਸਿੰਘ ਗੋਸਲ ਵਾਈਸ ਚਾਂਸਲਰ ਪੀ.ਏ.ਯੂ., ਲੁਧਿਆਣਾ ਨੇ ਕੀਤੀ।

ਪਾਕਿਸਤਾਨ ਸਰਹੱਦ ਦੇ ਨਾਲ ਲੱਗਦੇ ਫਾਜ਼ਿਲਕਾ ਦੇ ਪਿੰਡ ਬਹਿਕ ਖਾਸ ਸਮੇਤ ਨਜਦੀਕੀ ਪਿੰਡਾਂ ਤੇ ਢਾਣੀ ਮੋਨਾਰਾਮ ਅਤੇ ਗੁਲਾਮ ਰਸੂਲ ਦੇ ਕਿਸਾਨਾਂ ਨੂੰ ਹੜ੍ਹਾਂ ਦੌਰਾਨ ਭਾਰੀ ਨੁਕਸਾਨ ਝੱਲਣਾ ਪਿਆ ਤੇ ਉਨ੍ਹਾਂ ਦੀ ਝੋਨੇ ਦੀ ਫਸਲ ਪਾਣੀ



ਦੀ ਮਾਰ ਹੇਠ ਆ ਗਈ। ਇਸ ਜਾਗਰੂਕਤਾ ਕੈਂਪ ਰਾਹੀਂ ਇਨ੍ਹਾਂ ਪਿੰਡਾਂ ਦੇ ਕਿਸਾਨਾਂ ਦੀ ਸਹਾਇਤਾ ਲਈ ਉੱਨਤ ਕਿਸਮਾਂ ਦਾ ਕਣਕ ਪੀ.ਬੀ.ਡਬਲਯੂ.-766 (ਸੁਨੇਹਰੀ) ਅਤੇ ਗੋਭੀ ਸਰੋਂ ਦੀ ਕਿਸਮ ਜੀ.ਐੱਸ.ਸੀ.-7 ਦਾ ਬੀਜ ਵੰਡਿਆ ਗਿਆ ਤੇ ਕਿਸਾਨਾਂ ਨੂੰ ਹਾੜ੍ਹੀ ਦੀ ਫਸਲ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਗਈ।

ਆਪਣੇ ਸੰਬੋਧਨ ਦੌਰਾਨ ਡਾ. ਗੋਸਲ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਹਮੇਸ਼ਾਂ ਕਿਸਾਨਾਂ ਦੇ ਨਾਲ ਖੜੀ ਰਹੀ ਹੈ ਅਤੇ ਹੁਣ ਕਿਸਾਨਾਂ ਨੂੰ "ਖੇਤੀ ਤੋਂ ਖੇਤੀ ਕਾਰੋਬਾਰ" ਵੱਲ ਵਧਣ ਦੀ ਲੋੜ ਹੈ ਤਾਂ ਜੋ ਉਹ ਖੁਦਮੁਖਤਿਆਰ ਅਤੇ ਖੁਸ਼ਹਾਲ ਬਣ ਸਕਣ। ਉਨ੍ਹਾਂ ਕਿਹਾ, ਕਿਸਾਨੀ ਦਾ ਭਵਿੱਖ ਉਦਯੋਗਪਤੀ ਵਾਂਗ ਸੋਚਣ ਵਿੱਚ ਹੈ ਉਤਪਾਦ ਵਿੱਚ ਮੁੱਲ ਜੋੜਨਾ, ਸਹਾਇਕ ਧੰਦੇ ਅਪਣਾਉਣਾ ਅਤੇ ਆਮਦਨ ਦੇ ਨਵੇਂ ਸਰੋਤ ਖੋਲ੍ਹਣੇ ਹੀ ਖੁਸ਼ਹਾਲੀ ਦਾ ਰਾਹ ਹਨ।

ਡਾ. ਭੁੱਲਰ ਨੇ ਕਿਸਾਨਾਂ ਨੂੰ ਸੁਧਰੇ ਬੀਜਾਂ ਦੇ ਸਹੀ ਸਮੇਂ ਤੇ ਢੰਗ ਨਾਲ ਬੀਜਣ, ਮਿੱਟੀ ਦੀ ਸਿਹਤ ਸੁਧਾਰਨ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਵਿਗਿਆਨੀਆਂ ਨਾਲ ਸੰਪਰਕ ਵਿੱਚ ਰਹਿਣ ਲਈ ਪ੍ਰੇਰਿਤ ਕੀਤਾ। ਡਾ. ਢਿੱਲੋਂ ਨੇ ਕਿਸਾਨਾਂ ਨੂੰ ਫਸਲ ਵਿਭਿੰਨਤਾ ਅਪਣਾਉਣ ਲਈ ਉਤਸਾਹਿਤ ਕੀਤਾ ਅਤੇ ਕਿਹਾ ਕਿ ਸਬਜੀਆਂ, ਤੇਲ ਬੀਜ ਫਸਲਾਂ ਤੇ ਚਾਰੇ ਦੀ ਕਾਸ਼ਤ ਰਾਹੀਂ ਆਮਦਨ ਦੇ ਸਰੋਤ ਵਧਾਏ ਜਾ ਸਕਦੇ ਹਨ।

ਡਾ. ਜਗਦੀਸ਼ ਅਰੋੜਾ ਨੇ ਕਿਸਾਨਾਂ ਨੂੰ ਮੱਖੀ-ਪਾਲਣ, ਸਬਜੀ ਨਰਸਰੀ ਤਿਆਰ ਕਰਨਾ ਤੇ ਪੌਦਿਆਂ ਦੀ ਵਿਕਰੀ ਵਰਗੀਆਂ ਸਹਾਇਕ ਗਤੀਵਿਧੀਆਂ ਅਪਣਾਉਣ ਲਈ ਪ੍ਰੇਰਿਤ ਕੀਤਾ, ਜੋ ਨਾ ਸਿਰਫ ਆਮਦਨ ਵਧਾਉਂਦੀਆਂ ਹਨ ਸਗੋਂ ਹੜ੍ਹਾਂ ਵਰਗੀਆਂ ਸਥਿਤੀਆਂ ਵਿੱਚ ਜੀਵਿਕਾ ਸੁਰੱਖਿਆ ਵੀ ਦਿੰਦੀਆਂ ਹਨ। ਡਾ. ਮਨਪ੍ਰੀਤ ਸਿੰਘ, ਪ੍ਰਿੰਸਿਪਲ ਅਗਰੋਨਾਮਿਸਟ ਨੇ ਕਿਸਾਨਾਂ ਨੂੰ ਕਣਕ ਦੀ ਫਸਲ ਦੀ ਤਿਆਰੀ, ਬੀਜ ਸੋਧ, ਨਦੀਨਾਂ ਦਾ ਪ੍ਰਬੰਧਨ ਅਤੇ ਖਾਦ ਪ੍ਰਬੰਧਨ ਬਾਰੇ ਵਿਸਥਾਰ ਨਾਲ ਦਿਸਾ-ਨਿਰਦੇਸ ਦਿੱਤੇ ਤਾਂ ਜੋ ਹੜ੍ਹ -ਪ੍ਰਭਾਵਿਤ ਖੇਤਰਾਂ ਵਿੱਚ ਵਧੀਆ ਖੇਤੀ ਹਾਸਲ ਕੀਤੀ ਜਾ ਸਕੇ।

# ਕਣਕ ਦੀ ਫ਼ਸਲ ਦੇ ਵੱਧ ਝਾੜ ਦੇ ਕੂੜ ਪ੍ਰਚਾਰ ਨੇ ਵਧਾਈ ਬੀਜ ਦੀ ਕਾਲਾਬਾਜ਼ਾਰੀ

## ਬੀਜ ਵਿਕਰੇਤਾਵਾਂ ਵੱਲੋਂ ਕਣਕ ਦੀਆਂ ਕਈ ਕਿਸਮਾਂ ਦਾ ਝਾੜ 80 ਤੋਂ 90 ਮਣ ਪ੍ਰਤੀ ਏਕੜ ਨਿਕਲਣ ਦੇ ਦਾਅਵਿਆਂ ਨੇ ਕਿਸਾਨਾਂ ਨੂੰ ਪਾਇਆ ਭੰਬਲਭੂਸੇ ਵਿੱਚ

2025 ਦੇ ਝੋਨੇ ਦੇ ਸੀਜ਼ਨ ਵਿੱਚ ਝੋਨੇ ਦੀ ਫ਼ਸਲ ਦਾ ਘੱਟ ਝਾੜ ਨਿਕਲਣ ਕਾਰਨ ਟੁੱਟੇ ਕਿਸਾਨ ਨੂੰ ਹੁਣ 80 ਤੋਂ 90 ਮਣ ਪ੍ਰਤੀ ਏਕੜ ਝਾੜ ਦੇਣ ਵਾਲੀ ਕਣਕ ਦਾ ਕੂੜ ਪ੍ਰਚਾਰ ਕਰਕੇ

**ਕੇਂਦਰੀ ਅਤੇ ਸੂਬੇ ਦੀਆਂ ਖੇਤੀ ਸੰਸਥਾਵਾਂ ਵੱਲੋਂ 80 ਤੋਂ 90 ਮਣ ਝਾੜ ਦੇਣ ਵਾਲੇ ਕਿਸੇ ਵੀ ਬੀਜ ਦੀ ਸਿਫਾਰਿਸ਼ ਨਹੀਂ - ਕਿਸਾਨ ਆਗੂ**

ਬੀਜ ਵਿਕਰੇਤਾਵਾਂ ਵੱਲੋਂ ਆਪਣੇ ਚੁੰਗਲ ਵਿੱਚ ਫਸਾ ਕਣਕ ਦੇ ਬੀਜ ਮਹਿੰਗੇ ਭਾਅ ਵੇਚਣ ਦੀ ਲੱਗੀ ਹੋੜ ਨਾਲ ਕਿਸਾਨਾਂ 'ਤੇ ਨਵਾਂ ਆਰਥਿਕ ਬੋਝ ਪੈਂਦਾ ਦਿਖਾਈ ਦੇ ਰਿਹਾ ਹੈ । ਪ੍ਰਾਪਤ ਜਾਣਕਾਰੀ ਤੋਂ ਪਤਾ ਚੱਲਿਆ ਹੈ ਕਿ ਕਣਕ ਦੇ ਬੀਜਾਂ ਰਾਹੀਂ ਵੱਡੀ ਮੁਨਾਫਾਖੋਰੀ ਕਰਨ ਵਾਲੀਆਂ ਨਿੱਜੀ ਕੰਪਨੀਆਂ ਵੱਲੋਂ ਸੋਸ਼ਲ ਮੀਡੀਆ 'ਤੇ ਕਣਕ ਦੇ ਬੀਜ ਵੇਚਣ ਲਈ ਕੀਤੀ ਜਾ ਰਹੀ ਮਸ਼ਹੂਰੀ ਵਿੱਚ ਕਣਕ ਦਾ ਝਾੜ 90 ਮਣ ਪ੍ਰਤੀ ਏਕੜ ਤੱਕ ਨਿਕਲਣ ਦਾ ਪ੍ਰਚਾਰ ਕਰਕੇ ਪੰਜਾਬ ਦੀ ਸਰਕਾਰੀ ਖੇਤੀਬਾੜੀ



ਯੂਨੀਵਰਸਿਟੀ ਦੇ ਕਣਕ ਦੇ ਬੀਜ ਨੂੰ ਲੈ ਕੇ ਬਣੇ ਰਿਕਾਰਡ ਤੋੜ ਦਿੱਤੇ ਹਨ । ਬੀਜ ਵਿਕਰੇਤਾ ਵੱਲੋਂ ਕਣਕ ਦੇ ਬੀਜ ਦੀਆਂ ਵੱਖਰੀਆਂ-ਵੱਖਰੀਆਂ ਕਿਸਮਾਂ ਦਾ ਝਾੜ 80 ਤੋਂ 90 ਮਣ ਪ੍ਰਤੀ ਏਕੜ ਦੱਸ ਕਿਸਾਨਾਂ ਨੂੰ ਬੀਜ ਵੇਚਣ ਲਈ ਲੁਭਾਇਆ ਜਾ ਰਿਹਾ ਹੈ । 872 ਨਵੀਂ ਕਿਸਮ ਦਾ ਝਾੜ 24 ਕੁਇੰਟਲ ਤੱਕ ਹੈ । ਕਣਕ ਦੇ ਬੀਜਾਂ ਰਾਹੀਂ ਮੁਨਾਫਾਖੋਰੀ ਕਰਨ ਦੇ ਮਾਮਲੇ ਸੰਬੰਧੀ ਬੀ. ਕੇ. ਯੂ. ਲੱਖੋਵਾਲ ਟਿਕੈਤ ਦੇ ਸੂਬਾ ਜਨਰਲ ਸਕੱਤਰ ਸਰੂਪ ਸਿੰਘ ਰਾਮਾਂ, ਬਲਵਿੰਦਰ ਸਿੰਘ ਸੰਦੋਹਾ, ਗੁਰਮੇਲ ਸਿੰਘ ਗੁਰੂਸਰ, ਕੱਤਰ ਸਿੰਘ ਬਰਕੰਦੀ, ਕਸ਼ਮੀਰ ਸਿੰਘ ਮਾਨ, ਦਾਰਾ ਸਿੰਘ ਮਾਈਸਰਖਾਨਾ, ਹਰਮਨਪ੍ਰੀਤ ਸਿੰਘ ਬਾਸੀ ਭਗਤੂਆਣਾ, ਪਰਮਿੰਦਰ ਸਿੰਘ ਗੁਰੂ ਕੀ ਢਾਬ ਨੇ ਕਿਹਾ ਕਿ ਪੰਜਾਬ ਦੀ ਕੇਂਦਰੀ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਅੱਜ ਤੱਕ ਕਣਕ ਦੀ 90 ਮਣ ਪ੍ਰਤੀ ਏਕੜ ਝਾੜ ਦੇਣ ਵਾਲੀ ਕਿਸੇ ਵਰਾਇਟੀ ਦਾ ਦਾਅਵਾ ਨਹੀਂ ਕੀਤਾ ਗਿਆ ਹੈ, ਪਰ ਕਣਕ ਦਾ ਬੀਜ ਵੇਚਣ ਵਾਲੇ ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਪ੍ਰਚਾਰ ਕਰਕੇ ਕਣਕ ਦੀਆਂ ਕਈ ਕਿਸਮਾਂ ਨੂੰ 80 ਤੋਂ 90 ਮਣ ਪ੍ਰਤੀ ਏਕੜ ਝਾੜ ਨਿਕਲਣ ਦੇ ਦਾਅਵੇ ਕਰਕੇ ਕਿਸਾਨਾਂ ਨੂੰ ਕਣਕ ਦੇ ਬੀਜ ਵੇਚਣ ਲਈ ਲੁਭਾਇਆ ਜਾ ਰਿਹਾ ਹੈ । ਝੋਨੇ ਦਾ ਝਾੜ ਘੱਟ ਨਿਕਲਣ ਨਾਲ ਟੁੱਟੇ ਕਿਸਾਨ ਕਣਕ ਦੇ ਬੀਜ ਮਹਿੰਗੇ ਭਾਅ ਖਰੀਦਦਾਰੀ ਕਰਕੇ ਨਵੀਂ ਆਰਥਿਕ ਲੁੱਟ ਦਾ ਸ਼ਿਕਾਰ ਬਣ ਰਹੇ ਹਨ । ਡੀ. ਏ. ਪੀ. ਖਾਦ ਦੀ ਕਾਲਾ ਬਾਜ਼ਾਰੀ ਅਤੇ ਕਣਕ ਦੇ 4 ਤੋਂ 5 ਹਜ਼ਾਰ ਪ੍ਰਤੀ ਕੁਇੰਟਲ ਤੱਕ ਵਿਕਣ ਵਾਲੇ ਬੀਜਾਂ ਦੀ ਕਾਲਾਬਾਜ਼ਾਰੀ ਵਿੱਚ ਕਿਸਾਨਾਂ ਦੀ ਹੋ ਰਹੀ ਆਰਥਿਕ ਲੁੱਟ ਨੂੰ ਲੈ ਕੇ ਸੰਬੰਧਿਤ ਪ੍ਰਸ਼ਾਸਨ ਵੱਲੋਂ ਪੂਰੀ ਤਰ੍ਹਾਂ ਚੁੱਪੀ ਧਾਰੀ ਹੋਈ ਹੈ ।

 RNI/PUNPUN00806 (42269/83) Postage Registered No. PB/PTA/0338/2025-2027

# ਕਣਕ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਤੋਂ ਸੁਚੇਤ ਰਹੋ

ਗੁਰਮੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਮੱਕੜ, ਫਾਰਮ ਸਲਾਹਕਾਰ ਸੇਵਾ ਕੇਂਦਰ, ਅੰਮ੍ਰਿਤਸਰ (ਮੋ. 98148-25584)

**ਪੰਜਾਬ ਦੇ ਕੁੱਝ ਇਲਾਕਿਆਂ ਵਿੱਚ ਪਿਛਲੇ ਸਾਲ ਕਣਕ ਦੀ ਫ਼ਸਲ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਦੇਖਿਆ ਗਿਆ, ਜਿਸ ਪ੍ਰਤੀ ਕਿਸਾਨਾਂ ਨੂੰ ਸ਼ੁਰੂ ਤੋਂ ਹੀ ਸੁਚੇਤ ਰਹਿਣ ਦੀ ਲੋੜ ਹੈ। ਭਾਵੇਂ ਗੁਲਾਬੀ ਸੁੰਡੀ ਮੁੱਖ ਰੂਪ ਵਿੱਚ ਝੋਨੇ ਦਾ ਕੀੜਾ ਹੈ, ਪਰ ਪਰਾਲੀ ਦੀ ਸੰਭਾਲ ਕਰਕੇ ਬੀਜੀ ਕਣਕ ਵਾਲੇ ਖੇਤਾਂ ਵਿੱਚ ਕਈ ਵਾਰ ਇਸ ਦਾ ਹਮਲਾ ਦੇਖਣ ਨੂੰ ਮਿਲਦਾ ਹੈ। ਜੇਕਰ ਝੋਨੇ ਦੀ ਫ਼ਸਲ ਵਿੱਚ ਇਸ ਕੀੜੇ ਦੀ ਸੁਚੱਜੀ ਰੋਕਥਾਮ ਨਾ ਹੋਵੇ ਤਾਂ ਇਸ ਦਾ ਹਮਲਾ 35-40 ਦਿਨਾਂ ਦੀ ਕਣਕ ਉੱਪਰ ਵੀ ਦੇਖਣ ਨੂੰ ਮਿਲ ਸਕਦਾ ਹੈ। ਲਗਾਤਾਰ ਸਰਵੇਖਣ ਅਤੇ ਅਗੇਤੇ ਪ੍ਰਬੰਧ ਇਸ ਕੀੜੇ ਦੀ ਸੁਚੱਜੀ ਰੋਕਥਾਮ ਲਈ ਜ਼ਰੂਰੀ ਹਨ।**



**ਗੁਲਾਬੀ ਸੁੰਡੀ ਦੀ ਪਹਿਚਾਣ ਅਤੇ ਨੁਕਸਾਨ ਦੇ ਲੱਛਣ** : ਗੁਲਾਬੀ ਸੁੰਡੀ ਜਾਮਣੀ-ਗੁਲਾਬੀ ਰੰਗ ਦੀ ਹੁੰਦੀ ਹੈ ਜੋ ਕਿ ਤਣੇ ਵਿੱਚ ਮੋਰੀਆਂ ਕਰਕੇ ਅੰਦਰੋਂ ਖਾਂਦੀ ਹੈ ਜਿਸ ਨਾਲ ਬੂਟਾ ਪੀਲਾ ਪੈ ਜਾਂਦਾ ਹੈ ਅਤੇ ਗੋਭ ਸੁੱਕ ਜਾਂਦੇ ਹਨ। ਅਜਿਹੀ ਫ਼ਸਲ ਦੇ ਸਿੱਟੇ ਨਿਕਲਣ ਸਮੇਂ ਨੁਕਸਾਨੀਆਂ ਗੋਭਾਂ ਵਾਲੇ ਸਿੱਟੇ, ਦਾਣੇ ਨਾ ਪੈਣ ਕਾਰਨ, ਚਿੱਟੇ ਰੰਗ ਦੇ ਨਜ਼ਰ ਆਉਂਦੇ ਹਨ। ਆਮ ਤੌਰ ਤੇ ਇਸ ਕੀੜੇ ਦਾ ਹਮਲਾ ਧੌੜੀਆਂ ਵਿੱਚ ਹੁੰਦਾ ਹੈ।

**ਸਰਵਪੱਖੀ ਪ੍ਰਬੰਧਨ ਦੇ ਨੁਕਤੇ** :

1. ਝੋਨਾ/ਬਾਸਮਤੀ/ਮੱਕੀ ਆਦਿ ਫ਼ਸਲਾਂ ਦਾ ਸਤੰਬਰ-ਅਕਤੂਬਰ ਮਹੀਨੇ ਸਰਵੇਖਣ ਕਰਦੇ ਰਹੋ ਅਤੇ ਹਮਲਾ ਹੋਣ ਦੀ ਹਾਲਤ ਵਿੱਚ ਸਿਫ਼ਾਰਿਸ਼ ਰੋਕਥਾਮ ਦੇ ਢੰਗ ਅਪਣਾਓ ਤਾਂ ਜੋ ਕਣਕ ਦੀ ਫ਼ਸਲ ਤੇ ਗੁਲਾਬੀ ਸੁੰਡੀ ਦਾ ਹਮਲਾ ਨਾ ਹੋਵੇ।

2. ਜੇਕਰ ਸਾਉਣੀਆਂ ਦੀਆਂ ਫ਼ਸਲਾਂ ਉੱਪਰ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਫਿਰ ਕਣਕ ਦੀ ਅਗੇਤੀ ਬਿਜਾਈ (ਅਕਤੂਬਰ ਵਿੱਚ) ਨਾ ਕਰੋ।

3. ਜੇਕਰ ਕਣਕ ਦੀ ਬਿਜਾਈ ਪਰਾਲੀ ਦੀ ਸੰਭਾਲ ਕਰਕੇ ਕੀਤੀ ਹੋਵੇ ਤਾਂ ਉਹਨਾਂ ਖੇਤਾਂ ਵਿੱਚ ਨਵੰਬਰ-ਦਸੰਬਰ ਮਹੀਨਿਆਂ ਵਿੱਚ ਲਗਾਤਾਰ ਸਰਵੇਖਣ ਕਰੋ।

4. ਕਣਕ ਦੀ ਫ਼ਸਲ ਨੂੰ ਦਿਨ ਸਮੇਂ ਪਾਣੀ ਲਗਾਉਣ ਨਾਲੋਂ ਪੰਛੀ ਸੁੰਡੀਆਂ ਦਾ ਸ਼ਿਕਾਰ ਕਰ ਲੈਂਦੇ ਹਨ।

5. ਤਣੇ ਦੀ ਗੁਲਾਬੀ ਸੁੰਡੀ ਦਾ ਹਮਲਾ ਕਈ ਵਾਰ ਪਹਿਲਾਂ ਪਾਣੀ ਲਗਾਉਣ ਨਾਲ ਠੀਕ ਹੋ ਜਾਂਦਾ ਹੈ ਅਤੇ ਜਨਵਰੀ ਵਿੱਚ ਤਾਪਮਾਨ ਵਿੱਚ ਗਿਰਾਵਟ ਆਉਣ ਨਾਲ ਇਸ ਦਾ ਵਧਣਾ-ਫੁੱਲਣਾ ਰੁੱਕ ਜਾਂਦਾ ਹੈ। ਜਿਨ੍ਹਾਂ ਖੇਤਾਂ ਵਿੱਚ ਇਸ ਦਾ ਹਮਲਾ ਜ਼ਿਆਦਾ ਹੋਵੇ ਉੱਥੇ 7 ਕਿਲੋ ਮੋਰਟਲ/ਰੀਜ਼ੈਂਟ 0.3 ਜੀ (ਫਿਪਰੋਨਿਲ) ਜਾਂ 1 ਲਿਟਰ ਡਰਸਬਾਨ 20 ਈਸੀ. (ਕਲੋਰੋਪਾਈਰੀਫਾਸ) ਪ੍ਰਤੀ ਏਕੜ ਨੂੰ 20 ਕਿਲੋ ਸਲਾਬੀ ਮਿੱਟੀ ਨਾਲ ਰਲਾ ਕੇ ਪਹਿਲਾ ਪਾਣੀ ਲਗਾਉਣ ਤੋ ਪਹਿਲਾਂ ਛੱਟੇ ਨਾਲ ਪਾਓ ਜਾਂ 50 ਮਿ.ਲਿ. ਕੋਰਾਜਨ 18.5 ਐਸ ਸੀ (ਕਲੋਰਐਂਟਰਾਨੀਪ੍ਰੋਲ) ਦਾ 80-100 ਲਿਟਰ ਪਾਣੀ ਵਿੱਚ ਘੋਲ ਬਣਾ ਕੇ ਪਿੱਠੂ-ਪੰਪ ਨਾਲ ਛਿੜਕਾਅ ਕਰਕੇ ਇਸ ਦੀ ਰੋਕਥਾਮ ਕਰੋ।




# ਕੰਢੀ ਇਲਾਕੇ ਵਿੱਚ ਕਣਕ ਦੀ ਸਫ਼ਲ ਕਾਸ਼ਤ ਦੇ ਨੁਕਤੇ

ਬਲਵਿੰਦਰ ਸਿੰਘ ਢਿੱਲੋਂ ਅਤੇ ਰਮਨਦੀਪ ਕੌਰ, ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ (ਮੋ. 94654-20097)

ਪੰਜਾਬ ਵਿੱਚ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ-ਨਾਲ 10-20 ਕਿਲੋਮੀਟਰ ਦੀ ਚੌੜੀ ਪੱਟੀ ਦੇ ਰੂਪ ਵਿੱਚ ਬਰਾਨੀ ਇਲਾਕਾ ਫੈਲਿਆ ਹੋਇਆ ਹੈ। ਇਸ ਇਲਾਕੇ ਵਿੱਚ ਮੀਂਹ ਦੇ ਪਾਣੀ ਨੂੰ ਸੰਭਾਲ ਕੇ ਸਿੰਚਾਈ ਦੇ ਰੂਪ ਵਿੱਚ ਹਾੜ੍ਹੀ ਦੀ ਮੁੱਖ ਫ਼ਸਲ ਕਣਕ ਦੀ ਸੁਚੱਜੀ ਕਾਸ਼ਤ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ :-

**ਕਿਸਮਾਂ ਅਤੇ ਬੀਜ ਦੀ ਮਾਤਰਾ** : ਬਰਾਨੀ ਹਾਲਤਾਂ ਲਈ ਕਣਕ ਦੀਆਂ ਕਿਸਮਾਂ ਪੀ ਬੀ ਡਬਲਯੂ 660 ਦਾ 40 ਕਿਲੋ ਸੋਧਿਆ ਹੋਇਆ ਬੀਜ ਪ੍ਰਤੀ ਏਕੜ ਵਰਤਿਆ ਜਾਵੇ। ਇਸ ਤੋਂ ਇਲਾਵਾ ਕਣਕ ਦੀਆਂ ਹੋਰ ਕਿਸਮਾਂ ਜਿਵੇਂ ਕਿ ਪੀ ਬੀ ਡਬਲਯੂ 826, ਪੀ ਬੀ ਡਬਲਯੂ ਜ਼ਿੰਕ 2, ਪੀ ਬੀ ਡਬਲਯੂ ਆਰ ਐਸ 1, ਸੁਨਹਿਰੀ (ਪੀ ਬੀ ਡਬਲਯੂ 766), ਉੱਨਤ ਪੀ ਬੀ ਡਬਲਯੂ 550 ਅਤੇ ਪੀ ਬੀ ਡਬਲਯੂ 725 ਦੀ ਵੀ ਕਾਸ਼ਤ ਕੀਤੀ ਜਾ ਸਕਦੀ ਹੈ।

**ਬੀਜ ਦੀ ਸੋਧ** : ਬਰਾਨੀ ਇਲਾਕਿਆਂ ਵਿੱਚ ਸਿਉਂਕ ਬੂਟਿਆਂ ਦਾ ਬਹੁਤ ਨੁਕਸਾਨ ਕਰਦੀ ਹੈ। ਇਸ ਦੀ ਰੋਕਥਾਮ ਲਈ 40 ਗ੍ਰਾਮ ਕਰੂਜ਼ਰ (ਥਾਇਆਮੀਥੋਕਸਮ) ਜਾਂ 160 ਮਿਲੀਲਿਟਰ ਡਰਸਬਾਨ / ਰੂਬਾਨ / ਡਰਮਟ 20 ਈ ਸੀ (ਕਲੋਰਪਾਈਰੀਫ਼ਾਸ) ਜਾਂ 80 ਮਿਲੀਲਿਟਰ ਨਿਉਨਿਕਸ 20 ਐਫ ਐਸ (ਇਮਿਡਾਕਲੋਪਰਿਡ + ਹੈਕਸਾਕੋਨਾਜ਼ੋਲ) ਨੂੰ ਇੱਕ ਲਿਟਰ ਪਾਣੀ ਵਿੱਚ ਘੋਲ ਕੇ 40 ਕਿਲੋ ਬੀਜ ਦੀ ਪੱਕੇ ਫਰਸ਼, ਤਰਪਾਲ ਜਾਂ ਪਲਾਸਟਿਕ ਦੀ ਸ਼ੀਟ ਤੇ ਪਤਲੀ ਤਹਿ ਵਿਛਾ ਕੇ ਛਿੜਕਾਅ ਕਰਕੇ ਬੀਜ ਨੂੰ ਸੋਧੋ। ਨਿਉਨਿਕਸ ਨਾਲ ਸੋਧੇ ਬੀਜ ਦੁਆਰਾ ਫ਼ਸਲ ਨੂੰ ਕਾਂਗਿਆਰੀ ਤੋਂ ਵੀ ਬਚਾਇਆ ਜਾ ਸਕਦਾ ਹੈ।

**ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : ਕੀਟਨਾਸ਼ਕਾਂ ਦੀ ਵਰਤੋਂ ਤੋਂ 6 ਘੰਟੇ ਬਾਅਦ ਕਣਕ ਦੇ ਬੀਜ ਨੂੰ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਵੀ ਲਗਾਉਣੀ ਚਾਹੀਦੀ ਹੈ। ਪਹਿਲਾਂ 500 ਗ੍ਰਾਮ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਨੂੰ ਇੱਕ ਲਿਟਰ ਪਾਣੀ ਵਿੱਚ ਮਿਲਾ ਕੇ ਕਣਕ ਦੇ ਪ੍ਰਤੀ ਏਕੜ ਬੀਜ ਨਾਲ ਚੰਗੀ ਤਰ੍ਹਾਂ ਮਿਲਾ ਲਵੋ ਅਤੇ ਫਿਰ ਸੋਧੇ ਬੀਜ ਨੂੰ ਪੱਕੇ ਫ਼ਰਸ਼ ਤੇ ਖਿਲਾਰ ਕੇ ਛਾਵੇਂ ਸੁਕਾ ਲਵੋ। ਫਿਰ ਸੋਧੇ ਬੀਜ ਨਾਲ ਬਿਜਾਈ ਕਰ ਦਿਉ। ਬੀਜ ਨੂੰ ਜੀਵਾਣੂੰ ਟੀਕਾ ਲਾਉਣ ਨਾਲ ਫ਼ਸਲ ਦਾ ਝਾੜ ਵੱਧਣ ਦੇ ਨਾਲ-ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਵੱਧਦੀ ਹੈ।

**ਬਿਜਾਈ ਦਾ ਸਮਾਂ ਅਤੇ ਢੰਗ** : ਬਿਜਾਈ ਅਕਤੂਬਰ ਦੇ ਆਖ਼ਰੀ ਹਫ਼ਤੇ ਤੋਂ ਨਵੰਬਰ ਦੇ ਪਹਿਲੇ ਹਫ਼ਤੇ ਤੱਕ ਕਰ ਦੇਣੀ ਚਾਹੀਦੀ ਹੈ। ਬਿਜਾਈ ਖਾਦ-ਬੀਜ ਡਰਿੱਲ ਨਾਲ ਕਤਾਰਾਂ ਵਿਚਕਾਰ ਫ਼ਾਸਲਾ 22-25 ਸੈਂਟੀਮੀਟਰ ਰੱਖ ਕੇ ਕੀਤੀ ਜਾਵੇ। ਬਿਜਾਈ ਸਮੇਂ ਜੇਕਰ ਨਮੀ ਘੱਟ ਲੱਗੇ ਤਾਂ ਬੀਜ ਕੁਝ ਡੂੰਘਾ (8-10 ਸੈਂਟੀਮੀਟਰ) ਬੀਜੋ ਅਤੇ ਕਤਾਰਾਂ ਵਿਚਕਾਰ ਫ਼ਾਸਲਾ 30 ਸੈਂਟੀਮੀਟਰ ਕਰ ਲਵੋ। ਜੇਕਰ ਕਣਕ ਦਾ ਜੰਮ ਮਾੜਾ ਲੱਗੇ (50 ਪ੍ਰਤੀਸ਼ਤ ਤੋਂ ਘੱਟ) ਅਤੇ ਬਾਰਸ਼ਾਂ 15 ਦਸੰਬਰ ਤੋਂ ਪਹਿਲਾਂ ਹੋ ਜਾਣ ਤਾਂ ਬਿਜਾਈ ਦੁਬਾਰਾ ਕਰ ਦਿਓ।

**ਖਾਦਾਂ ਪਾਉਣ ਦਾ ਸਮਾਂ ਅਤੇ ਢੰਗ** : ਜੇਕਰ ਨਮੀਂ ਦੀ ਪੂਰੀ ਸੰਭਾਲ ਕੀਤੀ ਜਾਵੇ ਤਾਂ ਬਰਾਨੀ ਹਾਲਤਾਂ ਵਿੱਚ ਖਾਦਾਂ ਦੀ ਵਰਤੋਂ ਬਹੁਤ ਲਾਹੇਵੰਦ ਰਹਿੰਦੀ ਹੈ। ਕਣਕ ਤੋਂ ਚੰਗਾ ਝਾੜ ਪ੍ਰਾਪਤ ਕਰਨ ਲਈ ਰੇਤਲੀਆਂ ਅਤੇ ਚੀਕਣੀਆਂ ਭਲ ਵਾਲੀਆਂ ਜ਼ਮੀਨਾਂ (ਕਾਫ਼ੀ ਨਮੀ ਸੰਭਾਲ ਸਕਣ ਵਾਲੀਆਂ) ਵਿੱਚ 32 ਕਿਲੋ ਨਾਈਟ੍ਰੋਜਨ (70 ਕਿਲੋ ਯੂਰੀਆ) ਅਤੇ 16 ਕਿਲੋ ਫ਼ਾਸਫ਼ੋਰਸ (100 ਕਿਲੋ ਸਿੰਗਲ ਸੁਪਰਫ਼ਾਸਫ਼ੇਟ) ਅਤੇ ਭਲ ਵਾਲੀ ਰੇਤਲੀ ਤੋਂ ਰੇਤਲੀਆਂ ਜ਼ਮੀਨਾਂ (ਘੱਟ ਨਮੀ ਸੰਭਾਲ ਸਕਣ ਵਾਲੀਆਂ) ਵਿੱਚ 16 ਕਿਲੋ ਨਾਈਟ੍ਰੋਜਨ (35 ਕਿਲੋ ਯੂਰੀਆ) ਅਤੇ 8 ਕਿਲੋ ਫ਼ਾਸਫ਼ੋਰਸ (50 ਕਿਲੋ ਸਿੰਗਲ ਸੁਪਰਫ਼ਾਸਫ਼ੇਟ) ਪ੍ਰਤੀ ਏਕੜ ਪਾਓ। ਰੇਤਲੀਆਂ ਭਲ ਵਾਲੀਆਂ ਅਤੇ ਚੀਕਣੀਆਂ ਭਲ ਵਾਲੀਆਂ ਜ਼ਮੀਨਾਂ ਵਿੱਚ ਅੱਧੀ ਨਾਈਟ੍ਰੋਜਨ ਅਤੇ ਪੂਰੀ ਫ਼ਾਸਫ਼ੋਰਸ ਖਾਦਾਂ ਬਿਜਾਈ ਸਮੇਂ ਡਰਿਲ ਕਰੋ ਅਤੇ ਬਾਕੀ ਦੀ ਅੱਧੀ ਨਾਈਟ੍ਰੋਜਨ ਵਾਲੀ ਖਾਦ ਦਾ ਸਰਦੀਆਂ ਦੀਆਂ ਬਾਰਸ਼ਾਂ ਵੇਲੇ ਛੱਟਾਂ ਦੇ ਦਿਓ ਜਦਕਿ ਭਲ ਵਾਲੀ ਰੇਤਲੀ ਤੋਂ ਰੇਤਲੀਆਂ ਜ਼ਮੀਨਾਂ ਵਿੱਚ ਸਾਰੀਆਂ ਖਾਦਾਂ ਬਿਜਾਈ ਸਮੇਂ ਡਰਿੱਲ ਕਰੋ।

ਖੇਤੀ ਦੁਨੀਆਂ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ
ਸਿਰਫ 100/-* ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com